ਸਥਾਪਤ 1903

ੴ ਸਤਿਗੁਰ ਪ੍ਰਸਾਦਿ ॥



ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ

# ਖ਼ਾਲਸਾ ਐਡਵੋਕੇਟ

ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ



ਜਿਲਦ : 117 | ਅੰਕ : 98 | ਅਕਤੂਬਰ 2021 | ਭੇਟਾ - 10/- ਰੁਪੈ

# ਪੰਜਾਬ ਸਰਕਾਰ ਗਰੀਬ ਪਰਿਵਾਰ ਦੇ ਮੁੱਖ ਮੰਤਰੀ ਸ੍ਰ. ਚਰਨਜੀਤ ਸਿੰਘ ਚੰਨੀ ਦੇ ਹਵਾਲੇ

## ਦੋ ਉਪ ਮੁੱਖ ਮੰਤਰੀ ਸ੍ਰ. ਰੰਧਾਵਾ, ਸ੍ਰੀ ਓ.ਪੀ. ਸੋਨੀ ਅਤੇ 15 ਮੰਤਰੀ ਪੰਜਾਬ ਕੈਬਨਿਟ ਵਿੱਚ ਹੋਏ ਸ਼ਾਮਲ

## ਸ੍ਰ. ਚੰਨੀ ਸਾਥੀਆਂ ਸਮੇਤ ਅੰਮ੍ਰਿਤ ਵੇਲੇ ਪਾਲਕੀ ਸਾਹਿਬ ਦੀ ਆਮਦ ਸਮੇਂ ਸ੍ਰੀ ਦਰਬਾਰ ਸਾਹਿਬ ਹੋਏ ਨਤਮਸਤਕ

## ਗੁਰੂ ਨਾਨਕ ਪਾਤਸ਼ਾਹ ਦੇ ਦਰਸਾਏ ਮਾਰਗ ਅਨੁਸਾਰ ਸਾਰੇ ਧਰਮਾਂ ਦਾ ਕਰਾਂਗਾ ਸਤਿਕਾਰ -ਸ੍ਰ. ਚੰਨੀ

## ਸੱਤਾ ਸੰਭਾਲਦੇ ਹੀ ਨਵੀਂ ਸਰਕਾਰ ਵਲੋਂ ਗਰੀਬਾਂ ਦੇ ਬਿਜਲੀ, ਪਾਣੀ ਦੇ ਬਿਲ ਬਕਾਇਆਂ ਸਮੇਤ ਮੁਆਫ



ਅਤਿ ਦੀ ਗਰੀਬੀ ਭੁਗਤਣ ਵਾਲੇ ਪਰਿਵਾਰ ਦੇ ਜੰਮਪਲ ਹੋਣ ਦੇ ਬਾਵਜੂਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐਮ.ਬੀ.ਏ. ਕਰਨ ਉਪਰੰਤ ਪੀਐਚ.ਡੀ. ਕਰ ਰਹੇ ਸ੍ਰ. ਚਰਨਜੀਤ ਸਿੰਘ ਚੰਨੀ ਨੇ ਪੰਜਾਬ ਸਰਕਾਰ ਦੇ 24ਵੇਂ ਮੁੱਖ ਮੰਤਰੀ ਵਜੋਂ ਪੱਦਵੀ ਸੰਭਾਲ ਲਈ ਹੈ। ਪਹਿਲਾਂ ਉਨ੍ਹਾਂ ਨਾਲ ਦੋ ਉਪ ਮੰਤਰੀਆਂ ਸ੍ਰ. ਸੁਖਜਿੰਦਰ ਸਿੰਘ ਰੰਧਾਵਾ ਤੇ ਸ੍ਰੀ ਓਮ ਪ੍ਰਕਾਸ਼ ਸੋਨੀ ਨੇ ਸਹੁੰ ਚੁਕੀ ਉਪਰੰਤ ਐਤਵਾਰ ਦੇ ਦਿਨ ਪੰਜਾਬ ਦੇ ਰਾਜਪਾਲ ਨੇ 15 ਹੋਰ ਮੰਤਰੀਆਂ ਨੂੰ ਮੰਤਰੀ ਪੱਦ ਦੀ ਸਹੁੰ ਚੁਕਾਈ ਜਿਸ ਨਾਲ ਪੰਜਾਬ ਮੰਤਰੀ ਮੰਡਲ ਦੀ ਟੀਮ 18 ਮੰਤਰੀਆਂ ਦੀ ਬਣ ਗਈ। ਨਵੇਂ ਮੰਤਰੀਆਂ ਨੂੰ ਅਲਾਟ ਕੀਤੇ ਗਏ ਵਿਭਾਗਾਂ ਵਿੱਚੋਂ ਸ੍ਰ. ਰੰਧਾਵਾ ਕੋਲ ਗ੍ਰਹਿ ਵਿਭਾਗ, ਸ੍ਰ. ਮਨਪ੍ਰੀਤ ਸਿੰਘ ਬਾਦਲ ਕੋਲ ਵਿਤ ਮੰਤ੍ਰਾਲਾ, ਸ੍ਰ. ਪ੍ਰਗਟ ਸਿੰਘ ਕੋਲ ਵਿਦਿਆ ਅਤੇ ਖੇਡ ਵਿਭਾਗ, ਸ੍ਰੀ ਬ੍ਰਹਮਮਹਿੰਦਰਾ ਕੋਲ ਸਥਾਨਕ ਸਰਕਾਰ ਵਿਭਾਗ ਹਨ।

ਸਹੁੰ ਚੁਕ ਸਮਾਗਮ ਉਪਰੰਤ ਅਹੁਦਾ ਸੰਭਾਲਦੇ ਹੀ ਕੀਤੀ ਗਈ ਪ੍ਰੈਸ ਕਾਨਫਰੰਸ ਵਿੱਚ ਮੁੱਖ ਮੰਤਰੀ ਸ੍ਰ. ਚਰਨਜੀਤ ਸਿੰਘ ਚੰਨੀ ਨੇ ਸਸਤੀ ਬਿਜਲੀ ਦੇਣ, ਕਿਸਾਨਾਂ ਨੂੰ ਖੇਤੀ ਖੇਤਰ ਲਈ ਪਹਿਲਾਂ ਵਾਂਗ ਮੁਫਤ ਬਿਜਲੀ ਜਾਰੀ ਰੱਖਣ, ਪੇਂਡੂ ਖੇਤਰਾਂ ਦੇ ਟਿਊਬਵੈਲਾਂ ਦੇ ਬਿਜਲੀ ਬਿਲ ਤੇ ਬਕਾਏ ਮੁਆਫ ਕਰਨ ਦੇ ਨਾਲ ਕਟੇ ਗਏ ਕੁਨੈਕਸ਼ਨ ਮੁੜ ਜੋੜਨ, ਸ਼ਹਿਰਾਂ ਵਿੱਚ 150 ਗਜ ਤੋਂ ਘਟ ਖੇਤਰ ਫਲ ਵਾਲਿਆਂ ਨੂੰ ਮੁਫਤ ਪਾਣੀ ਦੇਣ, ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਬਦਲੇ ਦੀ ਭਾਵਨਾ ਤੋਂ ਬਿਨ੍ਹਾਂ ਕਾਰਵਾਈ ਕਰਦਿਆਂ ਸਖਤ ਸਜਾਵਾਂ ਦੇਣ ਆਦਿ ਦੇ ਐਲਾਨ ਕੀਤੇ। ਉਹਨਾਂ ਨੇ ਦਸਿਆ ਕਿ ਉਹਨਾਂ ਦੀ ਡਾਕਟਰ ਪਤਨੀ ਬਿਜਲੀ ਦੇ ਬਿਲ ਭਰਨ ਸਮੇਂ ਬਹੁਤ ਔਖ ਮਹਿਸੂਸ ਕਰਦੀ ਸੀ। ਸ੍ਰ. ਚੰਨੀ ਨੇ ਜਿਥੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ 15% ਵਾਧਾ ਕਰਨ ਦਾ ਐਲਾਨ ਕੀਤਾ ਓਥੇ ਨਾਲ ਹੀ ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਸਮੇਂ ਸਿਰ 9:00 ਵਜੇ ਦਫ਼ਤਰ ਹਾਜ਼ਰ ਹੋ ਕੇ ਪੂਰਾ ਸਮਾਂ ਕੰਮ ਕਰਨ ਦੀ ਹਦਾਇਤ ਵੀ ਕੀਤੀ।

**ਸ੍ਰੀ ਹਰਿਮੰਦਰ ਸਾਹਿਬ:** ਦਿਲੀ ਦੇਰ ਰਾਤ ਮੀਟਿੰਗਾਂ ਖਤਮ ਹੁੰਦੇ ਹੀ ਸ੍ਰ. ਚੰਨੀ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਪੁਜ ਗਏ ਅਤੇ ਸਾਥੀਆਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਈ ਪਾਲਕੀ ਸਾਹਿਬ ਦੀ ਸਵਾਰੀ ਨੂੰ ਮੋਢਾ ਦੇਣ ਦੀ ਸੇਵਾ ਨਿਭਾਈ। ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਸਮੇਂ ਪੜੇ ਜਾਂਦੇ ਭਟਾਂ ਦੇ ਸਵਈਆਂ ਤੋਂ ਲੈ ਕੇ ਅਰਦਾਸ ਹੋਣ ਤਕ ਮੁੱਖ ਮੰਤਰੀ ਸ੍ਰੀ ਦਰਬਾਰ ਸਾਹਿਬ ਵਿੱਚ ਸਤਿਕਾਰ ਸਹਿਤ ਬੈਠਕੇ ਸ਼ਰਧਾ ਨਾਲ ਸਾਥੀਆਂ ਸਮੇਤ ਗੁਰਬਾਣੀ ਕੀਰਤਨ ਸਰਵਣ ਕਰਦੇ ਰਹੇ ਅਤੇ ਸ੍ਰੀ ਗੁਰੂ ਰਾਮਦਾਸ ਜੀ ਪਾਸੋਂ ਅਸੀਸ ਪ੍ਰਾਪਤ ਕੀਤੀ।

**ਬਾਟੀ ਵਿੱਚ ਪੀਤੀ ਚਾਹ:** ਮੁੱਖ ਮੰਤਰੀ ਵਜੋਂ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿੱਚ ਆਪਣੀ ਪਹਿਲੀ ਫੇਰੀ ਦੌਰਾਨ ਸ੍ਰੀ ਦਰਬਾਰ ਸਾਹਿਬ ਤੋਂ ਵਾਪਸੀ ਅਤੇ ਜਲ੍ਹਿਆਂ ਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਉਪਰੰਤ ਗਿਆਨੀ ਟੀ ਸਟਾਲ ਤੋਂ ਬਾਟੀ ਵਿੱਚ ਚਾਹ ਪੀਂਦਿਆ ਆਪਣੇ ਪਿਛੋਕੜ ਦਾ ਪ੍ਰਗਟਾਵਾ ਕਰਦਿਆਂ ਸ਼ੇਅਰੋ ਸ਼ਾਇਰੀ ਕਰਕੇ ਇਕ ਵਖਰਾ ਰੰਗ ਬੰਨ ਦਿੱਤਾ। ਚਾਹ ਪੀਣ ਉਪਰੰਤ ਮੁੱਖ ਮੰਤਰੀ ਚੰਨੀ ਸ੍ਰੀ ਦੁਰਗਿਆਨਾ ਮੰਦਰ ਅਤੇ ਮਹਾਂਰਿਸ਼ੀ ਬਾਲਮੀਕ ਜੀ ਦੇ`ਰਾਮ ਤੀਰਥ ਸਥਾਨ' ਤੇ ਨਤਮਸਤਕ ਹੋਏ।

**ਦੀਵਾਨ ਵਲੋਂ ਵਧਾਈ:** ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ.ਨਿਰਮਲ ਸਿੰਘ ਅਤੇ ਉਹਨਾਂ ਦੀ ਟੀਮ ਦੇ ਅਹੁਦੇਦਾਰਾਂ ਨੇ ਪੰਜਾਬ ਦੀ ਨਵਗਠਿਤ ਮੁੱਖ ਮੰਤਰੀ ਸ੍ਰ.ਚਰਨਜੀਤ ਸਿੰਘ ਚੰਨੀ ਦੇ ਮੰਤਰੀ ਮੰਡਲ ਨੂੰ ਵਧਾਈ ਦਿੰਦਿਆਂ ਆਸ ਪ੍ਰਗਟ ਕੀਤੀ ਕਿ ਉਹ ਪੰਜਾਬ ਦੇ ਸਿਆਸੀ, ਸਮਾਜਿਕ, ਆਰਥਿਕ ਅਤੇ ਧਾਰਮਿਕ ਮੁੱਖ ਮਸਲਿਆਂ ਨੂੰ ਪਹਿਲ ਦੇ ਆਧਾਰ ਤੇ ਸੁਲਝਾਉਂਦਿਆਂ ਉਚ ਮਿਆਰੀ ਵਿਦਿਆ ਪ੍ਰਦਾਨ ਕਰਕੇ ਪੰਜਾਬ ਵਿੱਚ ਸ਼ਾਂਤਮਈ ਮਾਹੌਲ ਬਣਾਉਣਗੇ।

**ਮੁੱਖ ਮੰਤਰੀ ਦੀਆਂ ਅੱਖਾਂ ਵਿੱਚ ਆਂਸੂ:** ਭਾਵੁਕ ਹੁੰਦੇ ਹੋਏ ਮੁੱਖ ਮੰਤਰੀ ਸ੍ਰ: ਚੰਨੀ ਨੇ ਕਿਹਾ ਕਿ ਉਹ ਬੇਹਦ ਗਰੀਬ ਪਰਿਵਾਰ ਤੋਂ ਆਏ ਹਨ, ਇਸ ਲਈ ਉਹ ਇਸੇ ਵਰਗ ਦੀ ਨੁਮਾਇੰਦਗੀ ਕਰਦੇ ਹਨ ਨਾ ਕਿ ਅਮੀਰਾਂ ਦੀ। ਉਨ੍ਹਾਂ ਕਿਹਾ ਕਿ ਜਿਸ ਘਰ'ਚ ਉਹ ਪੈਦਾ ਹੋਏ ਉਸ ਘਰ ਦੀ ਛੱਤ ਵੀ ਕੱਚੀ ਸੀ ਅਤੇ ਉਹ ਆਪਣੀ ਮਾਂ ਨਾਲ ਕੰਧਾਂ ਲਿੱਪਣ ਲਈ ਟੋਭੇ 'ਚੋਂ ਚੀਕਣੀ ਮਿੱਟੀ ਕੱਢ ਕੇ ਲਿਆਉਂਦੇ ਰਹੇ। ਇਹ ਕਹਿੰਦਿਆਂ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਹੰਝੂ ਨਿਕਲ ਆਏ। ਉਨ੍ਹਾਂ ਨਿਮਰਤਾ ਨਾਲ ਕਿਹਾ ਕਿ ਇਕ ਗਰੀਬ ਵਿਅਕਤੀ ਨੂੰ ਪਾਰਟੀ ਨੇ ਉਸ ਕੁਰਸੀ ਤੇ ਬਿਠਾਇਆ, ਜਿਸ ਲਈ ਉਨ੍ਹਾਂ ਦੀ`ਔਕਾਤ' ਨਹੀ ਸੀ।

**ਕਿਸਾਨੀ ਅੰਦੋਲਨ ਦਾ ਸਮਰਥਨ:** ਮੁੱਖ ਮੰਤਰੀ ਸ੍ਰ. ਚਰਨਜੀਤ ਸਿੰਘ ਚੰਨੀ ਨੇ ਕਿਸਾਨੀ ਅੰਦੋਲਨ ਦਾ ਸਮਰਥਨ ਕਰਦਿਆਂ ਕਿਹਾ ਕਿ ਕਿਸਾਨੀ ਪੰਜਾਬ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹੈ ਕਿਸਾਨ ਦੀ ਫ਼ਸਲ ਬਜ਼ਾਰ ਵਿੱਚ ਆਉਣ ਤੇ ਹੀ ਅਰਥ ਵਿਵਸਥਾ ਚੱਲਦੀ ਹੈ ਅਤੇ ਜੇਕਰ ਇਹ ਤਿੰਨ ਕਾਲੇ ਕਾਨੂੰਨ ਲਾਗੂ ਹੋਏ ਤਾਂ ਪੰਜਾਬ ਬਰਬਾਦ ਹੋ ਜਾਵੇਗਾ। ਉਹਨਾਂ ਨੇ ਕਿਹਾ ਕਿ ਜੇਕਰ ਕਿਸਾਨਾਂ ਨੂੰ ਸੇਕ ਲੱਗਾ ਤਾਂ ਉਹ ਆਪਣਾ ਗੱਲਾ ਵੱਢ ਕੇ ਵੀ ਦੇ ਦੇਣਗੇ ਪਰ ਕਿਸਾਨ ਅੰਦੋਲਨ ਨੂੰ ਕਮਜ਼ੋਰ ਨਹੀ ਪੈਣ ਦੇਣਗੇ। ਉਹਨਾਂ ਨੇ ਕੇਂਦਰ ਸਰਕਾਰ ਨੂੰ ਇਹ ਕਿਸਾਨੀ ਕਾਨੂੰਨ ਤੁਰੰਤ ਰੱਦ ਕਰਦਿਆਂ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ।

## ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ: ਨਿਰਮਲ ਸਿੰਘ ਨੇ ਸਿਹਤਯਾਬ ਹੋਣ ਉਪਰੰਤ ਆਪਣੀ ਸੇਵਾ ਦੀ ਜਿੰਮੇਵਾਰੀ ਸੰਭਾਲੀ



ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ: ਨਿਰਮਲ ਸਿੰਘ ਪੂਰੀ ਤਰ੍ਹਾਂ ਸਿਹਤਯਾਬ ਹੋਣ ਉਪਰੰਤ ਚੀਫ਼ ਖ਼ਾਲਸਾ ਦੀਵਾਨ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕਰਦਿਆਂ ਉਹਨਾਂ ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਵਿਖੇ ਆਪਣੀ ਸੇਵਾ ਦੀ ਜਿੰਮੇਵਾਰੀ ਸੰਭਾਲੀ।ਉਹਨਾਂ ਗੁਰੂ ਸਾਹਿਬ ਅੱਗੇ ਚੀਫ਼ ਖ਼ਾਲਸਾ ਦੀਵਾਨ ਪ੍ਰਬੰਧਕੀ ਟੀਮ ਨਾਲ ਇਕਜੁੱਟ ਹੋ ਕੇ ਦੀਵਾਨ ਦੇ ਵਿਕਾਸ ਹਿੱਤ ਕੰਮ ਕਰਨ ਲਈ ਸਿਹਤ ਅਤੇ ਬੱਲ ਬਖ਼ਸ਼ਣ ਦੀ ਅਰਦਾਸ ਕੀਤੀ। ਮੁੱਖ ਦਫ਼ਤਰ ਵਿਖੇ ਆਪਣੀ ਸੇਵਾ ਸੰਭਾਲਣ ਉਪਰੰਤ ਉਹਨਾਂ ਆਨਰੇਰੀ ਸਕੱਤਰ ਸ੍ਰ: ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ: ਅਜੀਤ ਸਿੰਘ ਬਸਰਾ ਦੇ ਸਹਿਯੋਗ ਨਾਲ ਦਫ਼ਤਰੀ ਰੋਜ਼ਾਨਾ ਪ੍ਰਬੰਧਕੀ ਗਤੀਵਿਧੀਆਂ ਦਾ ਜਾਇਜ਼ਾ ਲਿਆ ਅਤੇ ਸੀ.ਕੇ.ਡੀ. ਸਕੂਲਾਂ/ਕਾਲਜਾਂ/ਅਦਾਰਿਆਂ ਦੇ ਸੁਚਾਰੂ ਪ੍ਰਬੰਧਨ ਹਿੱਤ ਅਗਲੇਰੀਆਂ ਯੋਜਨਾਵਾਂ ਅਤੇ ਮੀਟਿੰਗਾਂ ਉਲੀਕੀਆਂ ਉਪਰੰਤ ਵਿਕਾਸ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦੇਣ ਉਪਰੰਤ ਲੋੜੀਂਦੀਆਂ ਦਫ਼ਤਰੀ ਕਾਰਵਾਈਆਂ ਵੀ ਕੀਤੀਆਂ ਗਈਆਂ।

ਇਸ ਮੌਕੇ ਪ੍ਰਧਾਨ ਸ੍ਰ: ਨਿਰਮਲ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੀ ਅਸੀਮ ਕਿਰਪਾ ਅਤੇ ਬਖਸ਼ਿਸ ਸਦਕਾ ਉਹਨਾਂ ਨੂੰ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਦੀ ਸੇਵਾ ਮਿਲੀ ਹੈ ਅਤੇ ਉਹ ਇਹ ਸੇਵਾ ਪੂਰੇ ਨਿਸ਼ਕਾਮ ਭਾਵ ਨਾਲ ਤਨ-ਮਨ-ਧਨ ਤੋਂ ਨਿਭਾਉਣਗੇ। ਆਨਰੇਰੀ ਸਕੱਤਰ ਸ੍ਰ: ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ: ਅਜੀਤ ਸਿੰਘ ਬਸਰਾ ਨੇ ਪ੍ਰਧਾਨ ਸ੍ਰ: ਨਿਰਮਲ ਸਿੰਘ ਨੂੰ ਸ਼ੁਭਇਛਾਵਾਂ ਦਿੰਦਿਆਂ ਆਸ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਚੀਫ਼ ਖ਼ਾਲਸਾ ਦੀਵਾਨ ਪ੍ਰਬੰਧਕੀ ਟੀਮ ਇਕਜੁੱਟ ਹੋ ਕੇ ਚੀਫ਼ ਖ਼ਾਲਸਾ ਦੀਵਾਨ ਨੂੰ ਆਰਥਿਕ ਪੱਖੋਂ ਹੋਰ ਵੀ ਮਜ਼ਬੂਤ ਕਰਨ ਦੇ ਨਾਲ-ਨਾਲ ਲੋਕ ਸੇਵਾ ਅਤੇ ਵਿਕਾਸ ਕਾਰਜਾਂ ਨੂੰ ਇਕਸੁਰ ਕਰਦਿਆਂ ਚੀਫ਼ ਖ਼ਾਲਸਾ ਦੀਵਾਨ ਨੂੰ ਉਨੱਤੀ ਦੀਆਂ ਸ਼ਿਖਰਾਂ ਤੱਕ ਪਹੁੰਚਾਉਣ ਲਈ ਯਤਨਸ਼ੀਲ ਹੋਣਗੇ। ਇਸ ਮੌਕੇ ਪ੍ਰਧਾਨ ਸ੍ਰ: ਨਿਰਮਲ ਸਿੰਘ, ਆਨਰੇਰੀ ਸਕੱਤਰ ਸ੍ਰ: ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ: ਅਜੀਤ ਸਿੰਘ ਬਸਰਾ, ਐਡੀਸ਼ਨਲ ਸਕੱਤਰ ਸ੍ਰ: ਜਸਪਾਲ ਸਿੰਘ ਢਿੱਲੋ, ਸ੍ਰ: ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ: ਗੁਰਪ੍ਰੀਤ ਸਿੰਘ ਸੇਠੀ, ਡਾ: ਜਸਬੀਰ ਸਿੰਘ ਸਾਬਰ, ਅੰਡਰ ਸੈਕਟਰੀ ਸ੍ਰ: ਹਰਭਜਨ ਸਿੰਘ ਅਤੇ ਦਫ਼ਤਰ ਦਾ ਸਮੂਹ ਸਟਾਫ ਹਾਜ਼ਰ ਸੀ।



# ਸੰਪਾਦਕੀ

## ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ।।

ਅਜੋਕੇ ਸਮੇਂ ਵਿਸ਼ਵ ਪਧੱਰ ਤੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਖੇਤਰ ਵਿੱਚ ਪਸਰੀ ਮਾਦਾ ਪ੍ਰਸਤੀ ਦੀ ਲਹਿਰ ਦੇ ਅਸਰ ਹੇਠ ਮਨੁੱਖ, ਨਿਜਲਾਭ ਤੇ ਨਿਜਵਾਦ ਨੂੰ ਹੀ ਪਹਿਲ ਦਿੰਦਿਆਂ ਧੌਣ ਉਚੀ ਕਰਨ ਦੀ ਜੀਵਨ ਸ਼ੈਲੀ ਨਾਲ ਜੁੜਿਆ ਹੋਇਆ ਹੈ ਜਿਸ ਨਾਲ ਵਿਸ਼ਵ ਪਧੱਰ ਤੇ ਅਸ਼ਾਂਤੀ ਭਰੇ ਮਾਹੌਲ ਦਾ ਗ੍ਰਾਫ ਦਿਨ-ਬ-ਦਿਨ ਉਪਰ ਨੂੰ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ ਕਿਸੇ ਅਜਿਹੇ ਵਿਧੀ ਵਿਧਾਨ ਦੀ ਮਨੁੱਖਤਾ ਨੂੰ ਭਾਰੀ ਲੋੜ ਹੈ ਜ਼ੋ ਇਸ ਅਸ਼ਾਂਤੀ ਭਰੇ ਮਾਹੌਲੀ ਨੂੰ ਸੰਤੁਲਤ ਕਰ ਸਕੇ।

ਦੇਸ਼ ਭਰ ਵਿੱਚ ਅੰਨਦਾਤਾ ਵਜੋਂ ਜਾਣੇ ਜਾਂਦੇ ਕਿਸਾਨ ਇਕ ਸਾਲ ਦੇ ਵਧੀਕ ਸਮੇਂ ਤੋਂ ਸ਼ਾਂਤਮਈ ਅੰਦੋਲਨ ਕਰਦਿਆਂ ਉਹਨਾਂ ਨੂੰ ਉਜਾੜਨ ਵਾਲੇ ਤਿੰਨ ਕਾਲੇ ਖੇਤੀ ਕਾਨੂੰਨ ਰੱਦ ਕਰਨ ਲਈ ਭਾਰਤ ਸਰਕਾਰ ਨੂੰ ਅਪੀਲਾਂ ਕਰ ਰਹੇ ਹਨ ਪਰ ਪ੍ਰਧਾਨ ਮੰਤਰੀ ਮੋਦੀ ਜੀ ਸਮੇਤ ਬੀ.ਜੇ.ਪੀ. ਦਾ ਹਰੇਕ ਮੰਤਰੀ, ਅਧਿਕਾਰੀ ਅਤੇ ਵਰਕਰ ਬੜੀ ਢੀਠਤਾਈ ਨਾਲ ਤਿੰਨਾਂ ਕਾਨੂੰਨਾਂ ਨੂੰ ਕਿਸਾਨ ਹਿਤੈਸ਼ੀ ਦੱਸ ਕੇ ਕਿਸਾਨੀ ਅੰਦੋਲਨ ਦਾ ਵਿਰੋਧ ਕਰਦਿਆਂ ਹੁਣ ਹਿੰਸਕ ਕਾਰਵਾਈਆਂ ਕਰਨ ਤੇ ਉਤਰ ਆਏ ਹਨ। ਪਹਿਲਾਂ ਤਾਂ ਪੁਲਿਸ ਲਾਠੀਚਾਰਜ, ਵਾਟਰ ਕੇਨਿੰਗ ਆਦਿ ਰਾਹੀਂ ਕਿਸਾਨਾਂ ਤੇ ਅਤਿਆਚਾਰ ਕਰਦੀ ਸੀ ਪਰ ਹੁਣ ਕੁਝ ਸਮੇਂ ਤੋਂ ਬੀ.ਜੇ.ਪੀ. ਸਰਕਾਰ ਦੇ ਰਾਜਾਂ ਵਿੱਚ ਉਚ ਅਧਿਕਾਰੀਆਂ ਨੇ ਸ਼ਰੇਆਮ ਕਿਸਾਨਾਂ ਦੇ ਸਿਰ ਫੋੜਨ ਦੇ ਹੁਕਮ ਦੇ ਰਹੇ ਹਨ। ਹੁਣ ਤਾਂ ਅਤਿ ਹੀ ਹੋ ਗਈ ਹੈ ਕਿ ਹੰਕਾਰ ਗ੍ਰਸਤ ਕੇਂਦਰੀ ਰਾਜ ਗ੍ਰਹਿ ਮੰਤਰੀ ਅਰੁਨ ਮਿਸ਼ਰਾ ਦੇ ਹੰਕਾਰੀ ਬੇਟੇ ਅਸ਼ੀਸ਼ ਮਿਸ਼ਰਾ ਨੇ ਲਖੀਮਪੁਰ ਖੀਰੀ ਵਿੱਚ ਕਾਰਾਂ ਹੇਠ ਕੁਚਲ ਕੇ ਕਿੰਨੇ ਹੀ ਕਿਸਾਨ ਮਾਰ ਦਿੱਤੇ ਹਨ। ਇਹ ਜ਼ੁਲਮ ਦੀ ਇੰਤਹਾ ਹੈ।

ਮੇਰੇ ਵਿੱਚਾਰ ਅਨੁਸਾਰ ਗੁਰੂ ਨਾਨਕ ਪਾਤਸ਼ਾਹ ਦਾ ਆਸਾ ਕੀ ਵਾਰ ਵਿੱਚ ਪ੍ਰਾਪਤ ਇਹ ਉਪਦੇਸ਼ ਧਰਿ ਤਾਰਾਜੂ ਤੋਲੀਐ ਨਿਵੈ ਸੋ ਗਉਰਾ ਹੋਇ  ਵਿਸ਼ਵ ਦੇ ਸਾਰੇ ਉਨ੍ਹਾਂ ਆਗੂਆਂ ਨੂੰ ਜੀਵਨ ਵਿੱਚ ਧਾਰਨ ਕਰਨ ਦੀ ਲੋੜ ਹੈ ਜੋ ਹੰਕਾਰ ਗ੍ਰਸਤ ਨਿਹਥੇ ਲੋਕਾਂ ਦੇ ਖੂਨ ਨਾਲ ਧਰਤੀਆਂ ਨੂੰ ਲਹੂ ਲੁਹਾਨ ਕਰ ਰਹੇ ਹਨ। ਇਨ੍ਹਾਂ ਆਗੂਆਂ ਨੂੰ ਆਪਣਾ ਗੁਰਬਤ ਵਾਲਾ ਪਿਛੋਕੜ ਖਾਸ ਤੌਰ ਤੇ ਮੋਦੀ ਸਾਹਿਬ ਨੂੰ ਯਾਦ ਕਰਨ ਦੀ ਲੋੜ ਹੈ।

ਸ਼ੁਕਰ ਹੈ ਕਿ ਪੰਜਾਬ ਦੇ ਨਵ-ਨਿਯੁਕਤ ਮੁੱਖ ਮੰਤਰੀ ਸ: ਚਰਨਜੀਤ ਸਿੰਘ ਚੰਨੀ ਨੇ ਆਪਣਾ ਗੋਡੇ ਗੋਡੇ ਹੰਢਾਇਆ ਗੁਰਬੱਤਮਈ ਜੀਵਨ ਬੇਬਾਕ ਹੋ ਕੇ ਦਰਸਾਉਦਿਆਂ ਗੁਰੂ ਨਾਨਕ ਪਾਤਸ਼ਾਹ ਅਗੇ ਸੀਸ ਝੁਕਾਇਆ ਜਿਨ੍ਹਾਂ ਨੇ ਨੀਵਿਆਂ ਨੂੰ ਗੱਲ ਲਗਾਉਣ ਦੀ ਪਿਰਤ ਆਰੰਭੀ ਸੀ।

ਸ: ਚਰਨਜੀਤ ਸਿੰਘ ਚੰਨੀ ਨੇ ਆਪਣਾ ਮੁੱਖੀ ਮੰਤਰੀ ਪੱਦ ਸੰਭਾਲਦਿਆਂ ਹੀ ਪਹਿਲ ਕਦਮੀ ਗਰੀਬੀ ਰੇਖਾ ਹੇਠ ਆਉਂਦੇ ਵਰਗ ਨੂੰ ਸਹੂਲਤਾਂ ਦੇ ਗਫ਼ੇ ਦੇ ਕੇ ਆਰੰਭ ਕੀਤੀ ਜਿਸ ਲਈ ਉਹ ਵਧਾਈ ਦੇ ਪਾਤਰ ਹਨ।

ਆਸ ਹੈ ਕਿ ਸ: ਚਰਨਜੀਤ ਸਿੰਘ ਚੰਨੀ ਅਤੇ ਉਹਨਾਂ ਦੇ ਸਾਥੀ ਮੰਤਰੀ ਪੰਜਾਬੀਅਤ ਨੂੰ ਵਿਕਸਤ ਕਰਨ ਲਈ ਸਮਰਪਿਤ ਹੋ ਕੇ ਸੁਹਿਰਦਤਾ ਨਾਲ ਕਾਰਜਸ਼ੀਲ ਹੋ ਕੇ ਪੰਜਾਬ ਵਾਸੀਆਂ ਦੀਆਂ ਉਮੀਦਾਂ ਤੇ ਖਰਾ ਉਤਰਨਗੇ।

(ਜਸਬੀਰ ਸਿੰਘ ਸਾਬਰ)

ਮੁੱਖ ਸੰਪਾਦਕ

ਸਰਪ੍ਰਸਤ : ਸ. ਨਿਰਮਲ ਸਿੰਘ, ਪ੍ਰਧਾਨ ਚੀਫ ਖਾਲਸਾ ਦੀਵਾਨ
ਸ. ਤਰਲੋਚਨ ਸਿੰਘ, ਸਾਬਕਾ ਚੇਅਰਮੈਨ ਘਟ ਗਿਣਤੀ ਕਮਿਸ਼ਨ ਭਾਰਤ ਸਰਕਾਰ

ਸੰਪਾਦਕ : ਡਾ. ਜਸਬੀਰ ਸਿੰਘ ਸਾਬਰ 9888460180 ਸਹਿ : ਸੰਪਾ : ਮਨਜੀਤ ਕੌਰ ਪੀ.ਆਰ.ਓ. 8872042060

ਸਲਾਹਕਾਰ :
ਸ. ਸਵਿੰਦਰ ਸਿੰਘ ਕੱਥੂਨੰਗਲ, ਪ੍ਰੋ. ਵਰਿਆਮ ਸਿੰਘ,
ਬੀਬੀ ਕਿਰਨਜੋਤ ਕੌਰ, ਸ. ਸੰਤੋਖ ਸਿੰਘ ਸੇਠੀ, ਸ. ਭਗਵੰਤਪਾਲ ਸਿੰਘ ਸੱਚਰ,
ਸ. ਸੁਖਜਿੰਦਰ ਸਿੰਘ ਪ੍ਰਿੰਸ, ਡਾ. ਧਰਮਵੀਰ ਸਿੰਘ।

*ਪ੍ਰਕਾਸ਼ਕ*
ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ
ਜੀ.ਟੀ. ਰੋਡ, ਅੰਮ੍ਰਿਤਸਰ - 143001
Ph.- 0183-2562253 • E-mail- ktsckd@gmail.com

ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ
E-mail- printwellasr@gmail.com

## ਭਾਈ ਸਾਹਿਬ ਭਾਈ ਵੀਰ ਸਿੰਘ ਦੀ ਕਲਮ ਤੋਂ

# ਬੇਖੁਦੀ ਦੀ ਮੌਜ

ਦਿਲਗੀਰੀਆਂ ਨੂੰ ਦੂਰ ਕਰ ਦਿਲ-ਤੰਗੀਆਂ ਨੂੰ ਪਰੇ ਸੁੱਟ,
ਦਿਲ-ਹੈਂਕੜਾਂ ਨਾ ਵੜਨ ਦੇਹ ਦਿਲ-ਝਵੀਂ ਨੂੰ ਤੂੰ ਜੜੋਂ ਪੁੱਟ ।
ਘਾਟੇ ਨਫੇ ਦੁਖ ਸੁੱਖ ਆ ਕੇ ਹਨ ਘੇਰਦੇ ਇਨਸਾਨ ਨੂੰ
ਇਨਸਾਨ ਨੇ ਰਹਿਣਾ ਨਹੀਂ ਦੁਖ ਜਾਣਗੇ ਸਭ ਖੁਦ ਨਿਖੁੱਟ ।
ਰੰਞਾਣ ਨਾ ਇਸ ਜਿੰਦ ਨੂੰ ਇਸ ਗ੍ਰੀਬ ਨੂੰ ਸੁਖ ਲੈਣ ਦੇਹ
ਏ ਸ੍ਰੀਫ ਤੇਰੀ ਜਿੰਦੜੀ ਇਸ ਨੂੰ ਪਿਆ ਨਾ ਮਾਰ ਕੁੱਟ ।
ਭਰ ਪ੍ਰੇਮ ਦੇ ਰਸ ਪਯਾਲਿਓਂ ਨਿੱਕਾ ਜਿਹਾ ਇਕ ਵਾਰ ਘੁੱਟ,
ਭਰ ਭਰ ਕੇ ਪੀ ਫਿਰ ਸਵਾਦ ਲਾ ਲਾ ਪੀਂਵਦਾ ਹੋ ਜਾਇੰ ਗੁੱਟ ।
ਮਹਿਫਲ ਲਗੇ ਰਸ ਰੰਗ ਦੀ ਦਫ ਚੰਗ ਨਾਲੇ ਪੈ ਵਜਨ
ਭੁਲ ਜਾਇੰ ਟੁਕ ਧੰਦਾਲ ਨੂੰ ਟੁਕ ਬੇਖੁੰਦੀ ਦੀ ਮੌਜ਼ ਲੁੱਟ ।
ਖੜ੍ਹ ਕੇ ਖੁਦੀ ਦੇ ਕੇਂਦ੍ਰ ਤੇ ਘੁਮ ਜਾ ਦੁਆਲੇ ਬੇਖੁਦੀ,
ਭੁਲ ਜਾਣ ਤਦ ਦਿਲਗੀਰੀਆਂ ਆਪੇ ਹੀ ਜਾਵਣ ਓ ਨਿਖੁੱਟ ।
ਸੁਣ ਇਹ ਨਸ਼ਾ ਜੇ ਪੀ ਲਵੇਂ ਮਦਹੋਸ਼ ਦਾ ਮਾਲਕ ਰਹੇਂ
ਕਮ-ਅਕਲੀਆਂ ਦਿਲ ਤੰਗੀਆਂ ਸਭ ਜਾਣ ਛੁਟ, ਹਾਂ ਜਾਣ ਛੁੱਟ ।
ਮਾਲਕ ਬਣੇ ਇਸ ਮੌਜ਼ ਦਾ ਇਸ ਬੇਖੁਦੀ ਰਸ ਰੰਗ ਦਾ
ਖੁਸ਼ ਅਕਲੀਆਂ ਤੇ ਖੇੜਿਆਂ ਵਿੱਚ ਹੋਸ਼ ਵਿੱਚ ਫਿਰ ਰਹੇਂ ਗੁੱਟ ।



ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਭਾਈ ਵੀਰ ਸਿੰਘ ਜੀ ਦਾ ਵਿਸ਼ੇਸ਼ ਲੇਖ...............

# ਧੰਨ ਧੰਨ ਰਾਮਦਾਸ ਗੁਰ



ਸ੍ਰੀ ਗੁਰੂ ਅਮਰਦਾਸ ਜੀ ਆਪਣੇ ਪੰਜ ਭੌਤਕ ਸਰੀਰ ਨੂੰ ਤਿਆਗਕੇ ਆਪਣੀ ਆਤਮ ਸਰੂਪਤਾ ਵਿੱਚ ਟਿਕ ਗਏ ਸਨ ਸਮੰਤ 1631 ਬਿ:, ਭਾਦੋਂ ਸੁਦੀ 14, ਅਥਵਾ ਅੱਸੂ ਪ੍ਰਵਿਸ਼ਟ 2 ਨੂੰ। ਸ੍ਰੀ ਗੁਰੂ ਰਾਮਦਾਸ ਜੀ ਤਦ ਤੋਂ ਟਿਕੇ ਰਹੇ ਗੋਇੰਦਵਾਲ ਹੀ, ਇਥੇ ਹੀ ਸੰਗਤਾਂ ਦੇ ਤਾਰਨ ਦਾ ਕਾਰਜ ਪਿਛਲੇ ਸਤਿਗੁਰਾਂ ਵਾਂਙੂ ਹੀ ਨਿਬਾਹੁੰਦੇ ਰਹੇ।

ਹੁਣ ਆਪ ਨੇ ਤਿਆਰੀ ਕੀਤੀ ਜਾਣ ਦੀ ਓਥੇ ਜਿਥੇ ਲਈ ਕਿ ਆਗਿਆ ਕਰ ਗਏ ਸਨ ਸ੍ਰੀ ਗੁਰੂ ਅਮਰਦਾਸ ਜੀ। ਗੁਰੂ ਅਮਰਦਾਸ ਜੀ ਦੇ ਪ੍ਰਸੰਗ ਵਿੱਚ ਜ਼ਿਕਰ ਆ ਚੁੱਕਾ ਹੈ ਕਿ ਅਕਬਰ ਤਦੋਂ ਗੋਇੰਦਵਾਲ ਆਇਆ ਸੀ ਤੇ ਕੁਛ ਪਿੰਡ ਉਸ ਨੇ ਅਰਪਣ ਕੀਤੇ ਸੇ ਜੋ ਆਪ ਨੇ ਲੈਣੇ ਨਹੀਂ ਸਨ ਮੰਨੇ ਪਰ ਸ੍ਰੀ ਗੁਰੂ ਰਾਮਦਾਸ ਜੀ ਨੂੰ ਦੇ ਦਿੱਤੇ ਸਨ। ਯਥਾ:-

**ਸ੍ਰੀ ਸਤਿਗੁਰ ਬ੍ਰਿਧ ਅਮਰ ਜੀ ਆਇ ਤਿਨਹੁ ਕੇ ਪਾਸ।**
**ਗ੍ਰਾਮ ਕਿਤਿਕ ਅਰਪਨ ਕਰੇ ਅਕਬਰ ਬਿਨੈ ਪ੍ਰਕਾਸ।।੬੧।।**
**ਸੋ ਸਗਰੇ ਹੀ ਗ੍ਰਾਮ ਗਨ ਗੁਰੁਤਾ ਗਾਦੀ ਸਾਥ।**
**ਰਾਮਦਾਸ ਗੁਰ ਕੋ ਦਏ ਕੁਲ ਭਲਯਨ ਕੇ ਨਾਥ।। ੬੨।।(ਸੂ.ਪ੍ਰਕਾਸ਼)**

ਇਹ ਪਿੰਡ ਸ੍ਰੀ ਗੁਰੂ ਘਰ ਵਿੱਚ ਸੰਮਤ 1616-17 ਦੇ ਲਗਪਗ ਅਰਪੇ ਗਏ ਖਿਆਲੇ ਜਾਂਦੇ ਹਨ। ਪਤਾ ਚਲਦਾ ਹੈ ਕਿ 1621 ਬਿ:ਵਿੱਚ ਗੁਰੂ ਅਮਰਦਾਸ ਜੀ ਦੀ ਆਗਯਾ ਪਾ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਸੁਲਤਾਨਵਿੰਡ ਦੇ ਪੱਛੋਂ ਰੁਖ ਇਕ ਤਾਲ ਖੁਦਵਾਇਆ ਸੀ। ਤਦੋਂ 1621



ਵਿੱਚ ਇਹ ਅਧਵਾਟੇ ਪਿਆ ਰਿਹਾ ਤੇ ਹੋਰ ਵਸੋਂ ਬੀ ਕੋਈ ਨਾ ਠਟੀ ਗਈ। ਇਸਦਾ ਨਾਉਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਤੋਖਸਰ ਰਖਿਆ ਸੀ, ਜੋ ਹੁਣ ਤਕ ਮੌਜੂਦ ਹੈ? 1645 ਬਿ:ਦੇ ਲਗਪਗ ਗੁਰੂ ਅਰਜਨ ਦੇਵ ਜੀ ਨੇ ਸੰਤੋਖਸਰ ਪੂਰਾ ਕੀਤਾ ਸੀ। ਤਵਾਰੀਖ ਖਾ: ਦੇ ਲੇਖਕ ਸ੍ਰੀ ਮਾਨ ਗਯਾਨੀ ਗਯਾਨ ਸਿੰਘ ਜੀ ਲਿਖਦੇ ਹਨ ਕਿ 1627 ਬਿ:ਹਾੜ ਵਦੀ 5 ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਹੁਕਮ ਦੇਣ ਪਰ ਸੰਤੋਖਸਰ ਵਾਲੇ ਤਾਲ ਤੋਂ ਦੂਰ ਜਿਹੇ ਇਕ ਪਿੰਡ ਬੱਧਾ ਜਿਸਦਾ ਨਾਮ ਗੁਰੂ ਕਾ ਚੱਕ ਰੱਖਿਆ ਪਰ ਫੇਰ ਇਹ ਨਾਮ ਰਾਮਦਾਸ ਪੁਰ ਹੋ ਗਿਆ। ਗਾਲਬਨ ਇਹ ਨਾਮ ਗੁਰੂ ਅਮਰਦਾਸ ਜੀ ਨੇ ਬਖਸ਼ਿਆ। ਪਰ ਇਸ ਪਿੰਡ ਦੀ ਨੀਂਹ ਸ਼ੁਰੂ 1631 ਵਿੱਚ ਬੱਧੀ ਗਈ ਬੀ ਅਨੁਮਾਨੀ ਜਾਂਦੀ ਹੈ। ਪਰ ਇਹ ਸਾਰੇ ਮੰਨਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਹੀਨ ਹਯਾਤ ਉਨ੍ਹਾਂ ਦੇ ਹੁਕਮ ਵਿੱਚ ਇਹ ਗਿਰਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਬੰਨ੍ਹਿਆ ਸੀ। ਇਥੇ ਇਕ ਪਹਿਲੋਂ ਮਕਾਨ ਬਣਵਾਇਆ ਜੋ ਪਿਛੋਂ ਪੱਕਾ ਤੇ ਵੱਡਾ ਕੀਤਾ ਗਿਆ, ਜਿਸ ਦਾ ਨਾਉਂ ਹੁਣ ਤਕ **ਗੁਰੂ ਕੇ ਮਹਿਲ ਹੈ**, ਜਿਸ ਨੂੰ ਗੁਰੂ ਅਮਰਦਾਸ ਜੀ ਨੇ ਚਰਨ ਪਾਕੇ ਆਪਣੀ ਪਾਵਨਤਾ ਨਾਲ ਪਵਿਤ੍ਰ ਕਰ ਦਿੱਤਾ ਸੀ। ਇਸਦੇ ਉਰੇ ਨਾਲ ਵਾਰ ਹੀ ਬਜ਼ਾਰ ਪਿਆ। ਤਦੋਂ ਤੋਂ ਹੁਣ ਤਕ ਇਸਦਾ ਨਾਉਂ **ਗੁਰੂ ਕਾ ਬਾਜ਼ਾਰ** ਹੈ। ਏਥੇ ਵਸੋਂ ਤਦੋਂ ਤੇ ਹੋ ਗਈ ਸੀ। ਭਾਈ ਸਾਲ੍ਹੋ ਆਦਿ ਗੁਰਸਿੱਖਾਂ ਨੇ ਬੜੀ ਸੇਵਾ ਕੀਤੀ ਸੀ। ਗੁਰੂ ਕਾ ਬੱਧਾ ਚੱਕ ਹੌਣ ਕਰਕੇ ਦੂਰੋਂ ਨੇੜਿਓਂ ਸਿਖ ਆ ਵਸੇ ਤੇ ਸੁਲਤਾਨ ਵਿੰਡ, ਤੁੰਗ, ਗੁਮਟਾਲਾ, ਗਿਲਵਾਲੀ, ਚਾਟੀਵਿੰਡ, ਙ੍ਰਾੜੀ ਆਦਿ ਪਿੰਡਾਂ ਦੇ ਗੱਭੇ ਹੋਣ ਕਰਕੇ ਇਥੋਂ ਆ ਕੇ ਹੱਟੀਆਂ ਪਾਉਣ ਵਾਲਿਆਂ ਦਾ ਵਪਾਰ ਤੁਰ ਪਿਆ ਸੀ ਤੇ ਗੁਰੂ ਕਾ ਬਜ਼ਾਰ ਵਸ ਪਿਆ ਸੀ। ਇਹ ਕੁਛ ਬਨਵਾ ਕੇ ਆਪ ਗੋਇੰਦਵਾਲ ਗਏ ਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਦਸਿਆ ਕਿ ਆਹ ਕੁਛ ਬਣ ਗਿਆ ਹੈ।

ਕਵੀ ਜੀ ਲਿਖਦੇ ਹਨ:-

**ਤਬ ਸ੍ਰੀ ਰਾਮਦਾਸ ਚਲ ਗਏ। ਚਰਨ ਕਮਲ ਗੁਰ ਬੰਦਤ ਭਏ।**
**ਸਗਰੀ ਕਾਰ ਕਰੀ ਸੁ ਬਤਾਈ। ਸਦਨ ਗ੍ਰਾਮ ਸਿਰਜੇ ਸਮੁਦਾਈ।**
**ਤਾਲ ਕਛੁਕ ਖਨਵਾਵਨ ਕੀਨਾ। ਜਥਾ ਹੁਕਮ ਰਾਵਰ ਨੇ ਦੀਨਾ।।੩੬।।**
**(ਸੂ. ਪ੍ਰਕਾਸ਼)**

ਕਦੇ ਕਦੇ ਗੁਰੂ ਅਮਰਦਾਸ ਜੀ ਆਪ ਨੂੰ ਰਾਮਦਾਸ ਪੁਰੇ ਜਾ ਕੇ ਫੇਰਾ ਮਾਰ ਆਉਣ ਦਾ ਹੁਕਮ ਦਿਆ ਕਰਦੇ ਸਨ। ਤਦ ਆਪ ਏਥੇ ਫੇਰਾ ਪਾ ਜਾਂਦੇ ਹੁੰਦੇ ਸਨ, ਯਥਾ:- ਤਵਾ: ਖਾ:ਵਿੱਚ ਲਿਖਿਆ ਹੈ ਕਿ 7 ਕਤਕ ਸੰ 1630 ਬਿ: ਨੂੰ ਗੁਰੂ ਰਾਮਦਾਸ ਜੀ ਨੇ ਗੁਰੂ ਕੇ ਚੱਕ ਆ ਕੇ ਗੁਰੂ ਅਰਮ ਦਾਸ ਜੀ ਦੇ ਹੁਕਮ ਅਨੁਸਾਰ ਅੰਮ੍ਰਿਤ ਸਰੋਵਰ ਦਾ ਤਾਲ ਪੁਟਾਉਣਾ ਸ਼ੁਰੂ ਕੀਤਾ ਸੀ। ਪਰ ਫੇਰ ਗੋਇੰਦਵਾਲ ਚਲੇ ਗਏ ਸਨ। ਉਥੇ ਇਹ ਬੀ ਲਿਖਿਆ ਹੈ ਕਿ ਤਾਲ ਨੂੰ ਪੱਕਾ ਕਰਨ ਦਾ ਕੰਮ ਗੁਰੂ ਰਾਮਦਾਸ ਜੀ ਨੇ 1635 ਵਿੱਚ ਅਰੰਭਿਆ ਸੀ।

ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਰਾਮਦਾਸ ਪੁਰੇ ਜਾ ਰਹਿਣ ਤੇ ਅੰਮ੍ਰਿਤ ਸਰੋਵਰ ਤੇ ਹਰਿਮੰਦਰ ਬਨਾਉਣ ਦੀ ਆਗਿਆ ਦੇ ਗਏ ਸਨ। ਉਸ ਮੂਜਬ ਹੁਣ ਗੁਰੂ ਰਾਮਦਾਸ ਜੀ ਦੀ ਇਛਾ ਏਥੇ ਆ ਵਸਣੇ ਦੀ ਹੋ ਗਈ। ਹੁਣ ਤੱਕ ਇਥੇ ਹੀ-ਗੋਇੰਦਵਾਲ ਵਿੱਚ ਗੁਰੂ ਗਾਦੀ ਸੰਭਾਲੀ ਤੇ ਪ੍ਰਚਾਰ ਕੀਤਾ। ਪਿਛੇ ਕਹੇ ਪ੍ਰਸੰਗ ਏਥੇ ਹੀ ਵਰਤੇ। ਦੇਸ਼ ਵਿੱਚ ਬੜੀ ਪ੍ਰਸਿਧੀ ਹੋ ਗਈ ਤੇ ਸਭ ਪਾਸਿਓਂ ਸੰਗਤਾਂ ਉਮਡ ਆਈਆਂ। ਗੁਰ ਸਿਖੀ ਪੰਜਾਬ ਵਿੱਚ ਹੀ ਨਹੀਂ, ਪੂਰਬ, ਮੱਧ ਦੇਸ਼, ਸਿੰਧ ਤੇ ਦੱਖਣ ਤੱਕ ਉਪਰ ਬੁਖਾਰੇ ਤਕ ਫੈਲ ਗਈ ਸੀ, ਜਿਥੇ ਵਸਦੇ ਸਿੰਧੀ ਪੰਜਾਬੀ ਵਪਾਰੀ ਸਿਖੀ ਵਿੱਚ ਆ ਰਹੇ ਸਨ ਹੋਰ ਬੀ ਪ੍ਰਚਾਰ ਬਹੁਤ ਵਧ ਰਿਹਾ ਸੀ। ਸ੍ਰੀ ਗੁਰੂ ਜੀ ਹੁਣ ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਉਨ੍ਹਾਂ ਦੇ ਹੁਕਮ ਵਿੱਚ ਵਸਾਏ ਨਗਰ ਰਾਮਦਾਸ ਪੁਰੇ ਵਿੱਚ ਜਾ ਵੱਸਣ ਦਾ ਸੰਕਲਪ ਕਰਕੇ ਗੋਇੰਦਵਾਲ ਦੇ ਸਾਰੇ ਸਹੁਰੇ ਪਰਿਵਾਰ ਤੋਂ ਵਿਦਾ ਹੋ ਕੇ ਆਪਣੇ ਚੱਕ ਆ ਗਏ, ਜੈਸਾ ਲਿਖਿਆ ਹੈ ਕਿ ਗੁਰੂ ਜੀ ਨੇ ਮੋਹਨ ਜੀ, ਮੋਹਰੀ ਜੀ ਸਾਰੇ ਪਰਿਵਾਰ ਨੂੰ ਆਖਿਆ:-

**ਹਮ ਕੋ ਗੁਰ ਕੀ ਆਗਯਾ ਅਹੈ।।ਸੁਧਾ ਸਰੋਵਰ ਕੋ ਬਨਵਾਵਨਿ।**

**ਤੁਮ ਭੀ ਆਇਸੁ ਕਰਹੁ ਅਲਾਵਨਿ।।(ਸੂ.ਪ੍ਰਕਾਸ਼)**

ਇਸ ਪ੍ਰਕਾਰ ਸਭ ਦੀ ਪ੍ਰਸੰਨਤਾ ਲੈ ਕੇ, ਸ੍ਰੀ ਗੁਰੂ ਜੀ ਦੀ ਆਗਯਾ ਅਨੁਸਾਰ ਖੁਸ਼ੀ ਖੁਸ਼ੀ ਆਪਣੇ ਚੱਕ ਆ ਵੱਸੇ, ਜਿਸ ਥਾਂ ਨੂੰ ਗੁਰੂ ਕੇ ਮਹਿਲ ਆਖਦੇ ਹਨ। ਦੋ ਚਾਰ ਦਿਨ ਆਰਾਮ ਕਰਕੇ ਜਦੋਂ ਆਪਣੀ ਨਿਤ ਕ੍ਰਿਯਾ ਆਪਣੀ ਰੀਤਿ ਮੂਜਬ ਟੁਰ ਪਈ ਤਾਂ ਗੁਰੂ ਅਮਰਦਾਸ ਜੀ ਦੇ ਸਮੇਂ ਹੀ ਸਰੋਵਰ ਪੁਟਣ ਦੀ ਸੇਵਾ, ਜੋ ਆਪ ਆਰੰਭ ਗਏ ਸਨ, ਫੇਰ ਸ਼ੁਰੂ ਕਰਵਾਈ। ਸਰੋਵਰ ਦੀ ਸੇਵਾ ਕਰਵਾਉਂਦਿਆ ਇਕ ਦਿਨ ਗੁਰੂ ਜੀ ਦੇ ਲਾਹੌਰ ਦੇ ਕੁਛ ਸਨਬੰਧੀ ਮਿਲਣ ਆਏ ਤੇ ਬੇਨਤੀ ਕੀਤੀ ਕਿ ਕੁਛ ਚਿਰ ਲਈ ਲਾਹੌਰ ਆਪਣੇ ਘਰ ਭਾਗ ਲਾਓ ਤੇ ਉਥੇ ਸਿਖੀ ਦਾ ਪ੍ਰਚਾਰ ਕਰੋ ਜੋ ਪਰਿਵਾਰ ਤੇ ਸ਼ਹਿਰ ਦੇ ਲੋਕੀ ਬੀ ਸਤਿਨਾਮ ਦੇ ਗੱਫੇ ਲੈ ਕੇ ਭਵ ਸਾਗਰ ਨੂੰ ਤਰਨ। ਸੋ ਬਿਨੈ ਮੰਨ ਕੇ ਗੁਰੂ ਜੀ ਚਲੇ ਗਏ ਤੇ ਕੁਛ ਮਹੀਨੇ ਓਥੇ ਟਿਕੇ। ਸਤਿਨਾਮ ਦਾ ਛਤਰ ਝੁਲਾਇਆ ਤੇ ਸੈਂਕੜੇ ਜੀਵ ਪਾਪ ਜੀਵਨਾ ਤੋਂ ਬਚਾਏ। ਆਪ ਨੇ ਆਪਣੇ ਘਰ ਨੂੰ ਤਦੋਂ ਹੀ ਢੁਆ ਕੇ ਧਰਮਸਾਲਾ ਬਣਾ ਦਿੱਤਾ, ਨਾਲ ਇਕ ਖੂਹ ਲੁਆ ਦਿੱਤਾ ਜੋ ਹੁਣ ਤਕ ਹੈ। ਫੇਰ ਆਪ ਰਾਮਦਾਸ ਪੁਰੇ ਆ ਗਏ।

## <u>ਅੰਮ੍ਰਿਤ ਸਰੋਵਰ ਦੀ ਸੇਵਾ, ਆਰੰਭ ਸਮੇਂ ਦਾ ਇਕ ਕ੍ਰਿਸ਼ਮਾ</u>

ਸ੍ਰੀ ਗੁਰੂ ਰਾਮਦਾਸ ਜੀ ਜਦ ਕਾਰ ਸੇਵਾ ਕਰਵਾ ਰਹੇ ਸਨ ਤਾਂ ਇਕ ਕ੍ਰਿਸ਼ਮਾ ਵਰਤਿਆ। ਕਈ ਸਜਣਾਂ ਦਾ ਖਿਆਲ ਹੈ ਕਿ ਇਹ ਵਾਰਤਾ ਪੰਚਮ ਪਾਤਸ਼ਾਹ ਦੇ ਸਮੇਂ ਹੋਈ, ਕਵੀ ਸੰਤੋਖ ਸਿੰਘ ਜੀ ਬੀ ਇਹੀ ਗਲ ਲਿਖਦੇ ਹਨ, ਪਰ ਪੰਜਵੇਂ ਪਾਤਸ਼ਾਹ ਦੇ ਪ੍ਰਸੰਗ ਵਿੱਚ ਇਹ ਵਾਰਤਾ, ਜੋ ਅਗੇ ਲਿਖਦੇ ਹਾਂ, ਵਰਣਨ ਕਰਕੇ ਕਵੀ ਜੀ ਆਪ ਹੀ ਲਿਖਦੇ ਹਨ ਕਿ ਕਈ ਸਿਖ ਇਸ ਵਾਰਤਾ ਨੂੰ ਗੁਰੂ ਰਾਮਦਾਸ ਜੀ ਦੇ ਸਮੇਂ ਵਿੱਚ ਵਰਤੀ ਲਿਖਦੇ ਹਨ। ਹਰ ਹਾਲ ਵਿੱਚ ਵਾਰਤਾ ਤਾਲ ਪੁਟਣ ਤੋਂ ਪਹਿਲੋ ਯਾ ਸ਼ੁਰੂ ਵਿੱਚ ਹੋਈ। ਸ੍ਰੀ ਭਾਈ ਗੁਰਦਾਸ ਜੀ ਲਿਖਦੇ ਹਨ 'ਪੂਰਨ ਤਾਲ ਖਟਾਇਆ' ਗੁਰੂ ਰਾਮਦਾਸ ਜੀ ਨੇ ਸੀ, ਸੋ ਵਾਰਤਾ ਗੁਰੂ ਰਾਮਦਾਸ ਜੀ ਦੇ ਸਮੇਂ ਹੋਈ ਠੀਕ ਜਾਪੀਦੀ ਹੈ।

ਮਾਝੇ ਵਿੱਚ ਇਕ ਨਗਰ ਹੈ ਪੱਟੀ। ਅਸਲ ਵਿੱਚ ਕਦੇ ਇਸ ਦਾ ਨਾ ਪਿਆ ਸੀ 'ਚੀਨਾ ਪਤੀ'। ਇਥੇ ਕਿਸੇ ਹਿੰਦ ਐਸ਼ਵਰਜ਼ ਦੇ ਸਮੇਂ ਚੀਨ ਦਾ ਸ਼ਹਿਜ਼ਾਦਾ ਆਇਆ ਤੇ ਰਖਿਆ ਗਿਆ ਸੀ, ਤਦੋਂ ਨਾਮ ਪਿਆ ਸੀ 'ਚੀਨਾ ਪਤੀ'। ਸਮੇਂ ਬਦਲ ਜਾਣ ਤੇ ਨਾਮ 'ਪਤੀ' ਦਾ ਪਟੀ ਰਹਿ ਗਿਆ ਤੇ 'ਚੀਨਾ' ਉਡ ਗਿਆ। ਇਹ ਨਗਰ ਪਿਛੋਂ ਪਰਗਨੇ ਦਾ ਇਕ ਵਡਾ ਨਗਰ ਬਣ ਗਿਆ। ਇਥੋਂ ਦਾ ਇਕ ਕਾਰਦਾਰ ਸੀ, ਜੋ ਸਾਰਾ ਮਾਮਲਾ ਉਗਰਾਹੁੰਦਾ ਤੇ ਮੁਗਲ ਰਾਜ ਦਾ ਇਕ ਅਹੁਦੇਦਾਰ ਰਾਜਿਆਂ ਤੁੱਲ ਵਸੀਕਾਰ ਰਖਦਾ ਸੀ। ਇਹ ਪੱਕਾ ਦੁਨੀਆਂਦਾਰ, ਹੈਂਕੜ ਵਾਲਾ ਤੇ ਕੁਛ ਨਾਸਤਕ ਮਤਿ ਦਾ ਆਦਮੀ ਸੀ। ਇਸ ਦੇ ਪੰਜ ਧੀਆਂ ਸਨ। ਛੋਟੀ ਕਦੇ ਸਤਿਸੰਗ ਵਿੱਚ ਜਾ ਨਿਕਲੀ ਤਾਂ ਇਸ ਨੇ ਸਤਿਸੰਗ ਵਿੱਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਸੁਣਿਆ:-

**ਸਲੋਕ ਮ:੧।।**

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾ ਖੇਤਾਂਹ।।ਦੀਪਾਂ, ਲੋਆਂ ਮੰਡਲਾਂ ਖੰਡਾਂ ਵਰਭੰਡਾਹ।।

ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ।। ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ।।

ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ।।

ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ।।

ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ।।

ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ।।

ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ।।

ਇਸ ਸਲੋਕ ਦੀ ਵਯਾਖਯਾ ਤੇ ਇਸ ਸੰਬੰਧੀ ਕਥਾ ਸੁਣਕੇ ਬੀਬੀ ਕਰਤਾਰ ਦੀ ਕੁਦਰਤ ਨਾਲ ਇਕ ਦਮ ਨਿਸਚੇ ਦੇ ਘਰ ਪਹੁੰਚਕੇ ਮਨ ਹੀ ਮਨ ਵਿੱਚ ਈਸ਼ਵਰ ਪਰਾਇਣ ਹੋ ਗਈ। ਕਿਸੇ ਦਿਨ ਸਾਰੀਆਂ ਭੈਣਾਂ ਬੈਠੀਆਂ ਗਲਾਂ ਕਰਦੀਆਂ ਸਨ ਤਾਂ ਪਿਤਾ ਦੀ ਮਹਿੰਮਾ ਕਰਨ ਲਗੀਆਂ ਕਿ ਉਹ ਬੜਾ ਪੈਸੇ ਵਾਲਾ ਤੇ ਉਦਾਰ ਹੈ। ਸਾਡੀ ਕੈਸੀ ਰਾਜਸੀ ਪਾਲਨਾਂ ਕੀਤੀ ਤੇ ਸਾਨੂੰ ਉਚੇ ਘਰੀਂ ਦਾਤਾਂ ਬਰਾਤਾਂ ਨਾਲ ਟੋਰਿਆ ਹੈ। ਬਾਪੂ ਦੀਆਂ ਨਿਤ ਦੀਆਂ ਦਾਤਾਂ ਕਰਕੇ ਅਸੀਂ ਸਹੁਰੇ ਸੁਖੀ ਹਾਂ। ਛੋਟੀ ਚੁਪ ਬੈਠੀ ਸੀ, ਇਹ ਅਜੇ ਵਿਆਹੀ ਨਹੀਂ ਸੀ। ਇਸ ਨੂੰ ਪੁੱਛਣ ਲਗੀਆਂ ਤੂੰ ਬੀ ਕੁਛ ਬੋਲ* ਉਸ ਨੇ ਕਿਹਾ: ਤੁਸੀਂ ਸੱਚ ਕਿਹਾ ਹੈ, ਪਿਤਾ ਜੀ ਬੜੇ ਦਾਤਾ ਹਨ, ਪਰ ਪਿਤਾ ਜੀ ਦਾ ਦਾਤਾ ਪ੍ਰਭੂ ਹੈ, ਸਭ ਨੂੰ ਉਹ ਦੇ ਤੇ ਪਾਲ ਰਿਹਾ ਹੈ, ਜੇ ਉਹ ਨਾ ਦੇਵੇ ਤਾਂ ਪਿਤਾ ਜੀ ਕੁਛ ਨਹੀ ਦੇ ਸਕਦੇ। ਸੋ ਅਸਲ ਦਾਤਾ ਉਹੀ ਹੈ। ਭੈਣਾਂ ਨੂੰ ਗੁੱਸਾ ਲੱਗਾ ਤੇ ਉਹਨਾਂ ਨੇ ਪਿਤਾ ਨੂੰ ਬੁਲਾ ਕੇ ਪੁੱਛਿਆ ਤਾਂ ਕਾਕੀ ਨੇ ਓਹੋ ਗੱਲ ਕਹਿ ਸੁਣਾਈ ਕਿ ਸਭ ਦਾ ਦਾਤਾ ਭਗਵਾਨ ਹੈ। ਓਹੀ ਮਾਲਕ ਪਾਲਕ ਹੈ। ਪਿਤਾ ਜੀਓ* ਆਪ ਦਾ ਦਾਤਾ ਓਹੀ ਹੈ। ਪਿਤਾ ਨੇ ਕਿਹਾ: ਜੇ ਮੈਂ ਤੈਨੂੰ ਕੰਗਾਲ ਨਾਲ ਵਿਆਹ ਦਿਆਂ ਤੇ ਕੁਛ ਨਾ ਦਿਆਂ ਤਾਂ ਦੇਖਾਂ ਕੀ ਰਾਮ ਤੇਰੇ ਵਾਸਤੇ ਦਾਜ ਦੌਣ ਲੈ ਆਵੇਗਾ? ਕਾਕੀ ਨੇ ਮੂੰਹ ਨੀਵਾਂ ਪਾ ਲਿਆ ਤੇ ਉਹੋ ਪਦ ਆਖੇ: ਕਿ ਸਭ ਦਾਤਿਆਂ ਦਾ ਦਾਤਾ ਉਹੀ ਹੈ। ਬਾਕੀ ਭੈਣਾਂ ਨੇ ਕਿਹਾ ਕਿ ਪਿਤਾ ਜੀ* ਸਾਡੇ ਦਾਤਾ ਤੁਸੀਂ ਹੋ-ਪ੍ਰਤੱਖ ਦੇ ਰਹੇ ਹੋ ਦਾਤਾਂ ਹਰ ਪ੍ਰਕਾਰ ਦੀਆਂ। ਗਲ ਕੀਹ ਗੁੱਸੇ ਭਰੇ ਹੈਂਕੜੀ ਪਿਤਾ ਨੇ ਆਪਣੇ ਬਰਾਦਰੀ ਦੇ ਇਕ ਕੰਗਾਲ ਆਦਮੀ ਨੂੰ ਲੱਭ ਕੇ ਉਸ ਨਾਲ, ਜੋ ਸਰੀਰ ਕਰਕੇ ਬੀ ਰੋਗੀ ਸੀ, ਧੀ ਨੂੰ ਵਿਆਹ ਦਿੱਤਾ ਤੇ ਦਾਜ ਦੌਣ ਕੁਛ ਨਾ ਦਿੱਤਾ। ਦ੍ਰਿੜ ਧਰਮ ਬੀਬੀ ਇਸ ਹੋਣੀ ਨੂੰ ਸਿਰ ਤੇ ਧਰ ਅਪਾਹਜ ਪਤੀ ਨਾਲ ਟੁਰ ਗਈ। ਇਸ ਪਤੀ ਨੂੰ ਕੋੜ੍ਹ ਦੀ ਬੀਮਾਰੀ ਫੁਟ ਰਹੀ ਸੀ, ਜੋ ਦਿਨੋ ਦਿਨ ਵਧਦੀ ਗਈ। ਕਾਕੀ ਨੂੰ ਫੇਰ ਇਹ ਜੀਵਨ ਅਖਤਿਆਰ ਕਰਨਾ ਪਿਆ ਕਿ ਪਤੀ ਨੂੰ ਲੈ ਕੇ ਇਕ ਖਾਰੀ ਵਿੱਚ ਬਿਠਾ ਕੇ ਚਾਈ ਫਿਰਦੀ ਪਿੰਡਾਂ ਯਾ ਨਗਰਾਂ ਦੀਆਂ ਗਲੀਆਂ ਵਿੱਚ ਜਾ ਕੇ ਟੂਕਰ ਮੰਗ ਲਿਆਵੇ। ਇਸ ਤਰ੍ਹਾਂ ਫਿਰਦੇ ਪਤੀ ਨੇ ਕਿਹਾ ਕਿ ਭਾਗਵਾਨੇ * ਐਵੇਂ ਨਾ ਪਈ ਘੁੰਮ, ਚਲ ਤੀਰਥਾਂ ਨੂੰ ਚਲ, ਸਹਿਜੇ ਸਹਿਜੇ ਕਦੇ ਮੰਗਦੇ ਪਿੰਨਦੇ ਪਹੁੰਚ ਕੇ ਕੁਛ ਇਸ਼ਨਾਨ ਕਰਕੇ ਪਾਪ ਕਟੇ ਜਾਣ ਤਾਂ ਅਗਲਾ ਜਨਮ ਸੰਵਰੇ। ਇਹ ਸਲਾਹ ਕਰਕੇ ਬੀਬੀ ਖਾਰੀ ਚਾਈ ਮੰਗਦੀ

ਪਿੰਨਦੀ ਗੁਰੂ ਕੇ ਚੱਕ ਆ ਗਈ। ਨਗਰੀ ਤੋਂ ਦੂਰ ਥਾਂ ਜਿਥੇ ਅੱਜਕਲ ਦਰਬਾਰ ਸਾਹਿਬ ਵਿੱਚ ਦੁਖ ਭੰਜਨੀ ਦੀ ਬੇਰ ਹੈ, ਏਥੇ ਕੁ ਵਾਰ ਸੁਹਣੀ ਛਾਂ ਦੇਖਕੇ ਤੇ ਥੋੜੀ ਥਾਂ ਤੇ ਖੜੇ ਜਲ ਨੂੰ ਤੇ ਉਸ ਵੇਲੇ ਦੀ ਵਹਿ ਰਹੀ ਸਮੀਰ ਨੂੰ ਤੱਕ ਕੇ ਪਤੀ ਦੀ ਖਾਰੀ ਨੂੰ ਜਲ ਕਿਨਾਰੇ ਛੋੜ ਗਈ ਤੇ ਆਪ ਰੋਟੀ ਮੰਗਣ ਪਿੰਡ ਨੂੰ ਚਲੀ ਗਈ। ਜਦ ਮੁੜਕੇ ਆਈ ਤਾਂ ਕੀ ਦੇਖੇ ਕਿ ਖਾਰਾ ਮੂਧਾ ਪਿਆ ਹੈ ਤੇ ਉਤੇ ਇਕ ਨਵਾਂ ਨਰੋਆ ਆਦਮੀ ਬੈਠਾ ਹੈ, ਘਬਰਾ ਗਈ ਤੇ ਸਮਝੀ ਕਿ ਕਿਸੇ ਨੇ ਮੇਰੇ ਪਤੀ ਨੂੰ ਮਾਰ ਦਿੱਤਾ ਹੈ ਤੇ ਮੈਨੂੰ ਕਾਬੂ ਕਰਨ ਦੇ ਲਾਲਚ ਵਿੱਚ ਏਥੇ ਬੈਠਾ ਹੈ। ਝਿੜਕ ਕੇ ਬੋਲੀ ਤੂੰ ਕੌਣ ਹੈ? ਉਸ ਨੇ ਕਿਹਾ: ਤੇਰਾ ਪਤੀ ਹਾਂ। ਗਲ ਕੀਹ ਉਹ ਵਿਥਯਾ ਸੁਣਾਵੇ, ਸਹੁੰਵਾਂ ਸੁੰਗਧਾਂ ਖਾਵੇ, ਬੀਬੀ ਵਧੇਰੇ ਗੁੱਸੇ ਹੁੰਦੀ ਜਾਵੇ। ਕੋਈ ਸਿਆਣੇ ਕੋਲੋਂ ਲੰਘ ਪਏ, ਉਨ੍ਹਾਂ ਸਾਰੀ ਗਲ ਸੁਣੀ ਤੇ ਕਿਹਾ: ਕਿਉਂ ਲੜਦੇ ਹੋ, ਸ੍ਰੀ ਗੁਰੂ ਰਾਮਦਾਸ ਜੀ ਨੇੜੇ ਹੀ ਹਨ, ਉਹ ਅੰਤਰਯਾਮੀ ਹਨ, ਉਨ੍ਹਾਂ ਕੋਲ ਚੱਲੋ ਧਰਮ ਨਿਆਂ ਕਰ ਦੇਣਗੇ। ਸੋ ਦੋਵੇਂ ਸਾਹਿਬਾਂ ਪਾਸ ਆਏ। ਤ੍ਰੀਮਤ ਨੇ ਪਹਿਲੀ ਸਾਰੀ ਵਿਥਯਾ ਪੇਕੇ ਘਰ ਤੋਂ ਲੈ ਕੇ ਜਲ ਕਿਨਾਰੇ ਖਾਰੀ ਰੱਖਣ ਤਕ ਦੀ ਸੁਣਾਈ। ਫੇਰ ਮਰਦ ਨੇ ਕਿਹਾ ਜਦ ਇਹ ਭਿਖਿਆ ਮੰਗਣ ਗਲੀ ਗਈ ਤਾਂ ਮੈਂ ਡਿੱਠਾ ਕਿ ਇਕ ਤਿਹਾਇਆ ਕਾਂ ਆਇਆ: ਮੈਂ ਖਾਰੀ ਵਿੱਚ ਛਪੜੀ ਕਿਨਾਰੇ ਬੈਠਾ ਸਾਂ, ਉਥੇ ਆ ਕੇ ਉਹ ਕਾਂ ਹੇਠਾਂ ਨੂੰ ਉਤਰਿਆ ਤੇ ਛਪੜੀ ਤੇ ਜਾ ਕੇ ਉਸਨੇ ਚੁੰਝਾਂ ਭਰ ਭਰ ਪਾਣੀ ਪੀਤਾ ਤੇ ਫੇਰ ਟੁਬਕੀ ਲਾਈਓਸੁ। ਮੇਰੇ ਦੇਖਦੇ ਦੇਖਦੇ ਉਹ ਚਿੱਟਾ ਹੋ ਗਿਆ, ਜਿਵੇਂ ਕਿ ਹੰਸ ਹੁੰਦਾ ਹੈ, ਫੇਰ ਉਹ ਉਡ ਗਿਆ। ਮੈਂ ਤੱਕਦਾ ਰਿਹਾ। ਤੱਕਦੇ ਤੱਕਦੇ ਮੈਨੂੰ ਸੋਚ ਫੁਰੀ ਕਿ ਇਹ ਥਾਉਂ ਤੇ ਜਲ ਤਾਂ ਸ਼ਕਤੀ ਵਾਲਾ ਹੈ ਕਿਉਂ ਨਾ ਮੈਂ ਬੀ ਨ੍ਹਾਵਾਂ। ਪਰ ਇਕੱਲਾ ਹੇਠਾਂ ਪਹੁੰਚਾਂ ਕਿਵੇਂ ਤੇ ਸੰਭਲਾਂ ਕਿਵੇਂ? ਫਿਰ ਮੈਂ ਸੋਚਿਆ ਰਿੜ੍ਹ ਹੀ ਪਵਾਂ ਜੇ ਸ਼ਕਤੀ ਦੀ ਥਾਂ ਹੈ ਤੇ ਵੇਲਾ ਪੁਰਬੀ ਦਾ ਹੈ ਤਾਂ ਮੈਂ ਬੀ ਰਾਜ਼ੀ ਹੋ ਜਾਸਾਂ ਤੇ ਜੇ ਉਡੀਕ ਕਰਾਂ ਵਹੁਟੀ ਦੀ ਤਾਂ ਖਬਰੇ ਪੁਰਬੀ ਦਾ ਸਮਾਂ ਬੀਤ ਜਾਵੇ। ਸੋ ਉਤਰ ਪਵਾਂ ਤੇ ਜੇ ਜਲ ਡੂੰਘਾ ਹੈ ਤਾਂ ਮੈਂ ਸੰਭਾਲ ਨਾ ਸਕਿਆ ਤੇ ਡੁਬ ਗਿਆ ਤਾਂ ਬੀ ਭਲਾ ਹੈ, ਮੇਰੀ ਜੂਨ ਛੁੱਟੂ ਤੇ ਮੇਰੀ ਇਸਤ੍ਰੀ ਦੇ ਪਾਪ ਕੱਟੇ ਜਾਣਗੇ। ਉਹ ਮੇਰੀ ਸੇਵਾ ਤੋਂ ਖਲਾਸੀ ਪਾ ਕੇ ਕਿਤੇ ਭਜਨ ਕਰਕੇ ਦਿਨ ਗੁਜ਼ਾਰ ਲੈਸੀ। ਸੋ ਮੈਂ ਰਿੜ੍ਹ ਖੁੜ੍ਹ ਬੁਰੇ ਹਾਲੀਂ ਜਲ ਦੇ ਪਾਸ ਜਾ ਪਹੁੰਚਾ ਤੇ ਦੋ ਘੁੱਟ ਜਲ ਦੇ ਭਰ ਕੇ ਆਪ ਨੂੰ ਜਲ ਵਿੱਚ ਸੁਟ ਘੱਤਿਆ ਡੁਬਕੀ ਲਗਦਿਆਂ ਤੇ ਦੋ ਘੁੱਟ ਪੀਂਦਿਆਂ ਮੇਰਾ ਰੋਗ ਦੂਰ ਹੋਣ ਲਗ ਗਿਆ ਤੇ ਮੈਂ ਸਾਵਧਾਨ ਨਵਾਂ ਨਿਰੋਆਂ ਜਲ ਵਿੱਚੋਂ ਨਿਕਲ ਆਇਆ ਤੇ ਇਸ ਆਪਣੀ ਪਤਿਬ੍ਰਤ ਭਾਗਵਾਨ ਦੀ ਉਡੀਕ ਵਿੱਚ ਬੈਠ ਰਿਹਾ। ਹੁਣ ਮੇਰੇ ਭਾਗ, ਸਤਿਗੁਰੂ ਜੀ ਨੇ ਬੀਬੀ ਨੂੰ ਕਿਹਾ– ਇਹ ਤੇਰਾ ਹੀ ਪਤੀ ਹੈ, ਦੇਖ ਇਸ ਦੀ ਇਕ ਉਂਗਲ ਹੱਥ ਦੀ ਉਸ ਵੇਲੇ ਨਹੀਂ ਸੀ ਭਿਜੀ, ਉਸ ਪਰ ਅਜੇ ਰੋਗ ਹੈ, ਦੇਖ ਅਰ ਪਰਖ। ਬੀਬੀ ਨੇ ਡਿੱਠਾ ਠੀਕ ਉਂਗਲ ਤੇ ਰੋਗ ਉਸੇ ਤਰ੍ਹਾਂ ਹੈ ਸੀ, ਜਲ ਦੇ ਕੋਲ ਜਾ ਕੇ ਆਪ ਨੇ ਕਿਹਾ, ਲੈ ਬਈ ਆਪਣੀ ਉਂਗਲ ਜਲ ਵਿੱਚ ਪਾ। ਜਦ ਜਲ ਵਿੱਚ ਡੋਬਕੇ ਕੱਢੀ ਤਾਂ ਉਹ ਅਰੋਗ ਹੋ ਗਈ। ਹੁਣ ਇਸਤਰੀ ਨੂੰ ਇਕ ਤਾਂ ਪ੍ਰਤੱਖ ਸਬੂਤ ਮਿਲ ਗਿਆ, ਦੂਜੇ ਸਤਿਗੁਰ ਜੀ ਨੇ ਫੁਰਮਾ ਦਿੱਤਾ ਕਿ ਇਹੁ ਤੇਰਾ ਪਤੀ ਹੈ, ਇਸ ਥਾਂ ਇਹ ਕਉਤਕ ਸਾਡੇ ਸਤਿਗੁਰੂ ਨੇ ਵਰਤਾਇਆ ਹੈ, ਤਾਂ ਕਿ ਜਗਤ ਨੂੰ ਪਤਾ ਲਗ ਜਾਵੇ ਕਿ ਇਹੋ ਥਾਂ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਬੈਠੇ ਸਨ ਤੇ ਦੱਸ ਗਏ ਸਨ ਕਿ ਇਹ ਟਿਕਾਣਾ ਹਰੀ ਭਜਨ ਦਾ ਹਰਿਮੰਦਰ ਹੋਏਗਾ। ਉਹੋ ਥਾਂ ਹੈ ਜਿਥੇ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਵਿੱਚ ਅਸਾਂ ਕਦੇ ਕੁਛ ਮਿੱਟੀ ਪੁਟਵਾਈ ਸੀ ਤੇ ਜੋ ਕੁਛ ਰੁੜ੍ਹ ਰੁੜ੍ਹ ਕੇ ਵਿੱਚ ਜਾ ਪਈ ਸੀ। ਇਹੋ ਥਾਂ ਹੈ, ਪਰ ਅਜ ਸਾਰੇ ਲੋਕ ਬੀ ਅਮੰਨਾ ਕਰ ਗਏ ਕਿ ਇਹੋ ਥਾਉਂ ਹੈ।

ਹੁਣ ਉਸ ਮਰਦ ਤੇ ਪਤਿਬ੍ਰਿਤਾ ਨੇ ਚਰਣ ਸ਼ਰਨ ਲਈ, ਨਾਮ ਪ੍ਰਾਪਤ ਹੋ ਕੇ ਸਿੱਖੀ ਧਾਰਨ ਕਰਕੇ ਸੇਵਾ ਵਿੱਚ ਲਗ ਪਏ। ਇਹ ਸਾਰੀ ਵਾਰਤਾ ਸੁਣ ਸਮਝ ਕੇ ਬੀਬੀ ਦੇ ਪਿਤਾ ਨੇ ਬੀ ਸ਼ਰਣ ਲਈ ਤੇ ਸਿਖੀ ਧਾਰਨ ਕੀਤੀ। ਅੰਤ ਘਰ ਨਰੀਨਾ ਉਲਾਦ (ਨਰ ਉਲਾਦ੍ ਪੁੱਤ) ਨਾ ਹੋਣ ਕਰਕੇ ਇਸੇ ਦੇ ਪਤੀ ਨੂੰ ਮੁਤਬੰਨਾ ਕਰ ਲਿਆ। ਜਿਸ ਥਾਂ ਇਹ ਕੌਤਕ ਵਰਤਿਆ ਸੀ, ਉਸ ਦਾ ਨਾਉਂ ਗੁਰੂ ਜੀ ਨੇ **'ਦੁੱਖ ਭੰਜਨੀ'** ਰਖਿਆ ਜੋ ਨਾਮ ਤੇ ਟਿਕਾਣਾ ਅਜ ਤੱਕ ਕਾਯਮ ਹੈ। ਇਥੇ ਅਨੇਕਾਂ ਲੋਕ ਸ਼ਰਧਾ ਨਾਲ ਇਸ਼ਨਾਨ ਕਰਕੇ ਵੱਲ ਹੋਏ ਤੇ ਉਨ੍ਹਾਂ ਦੇ ਆਪ ਦੱਸੇ ਹਾਲ ਲੋਕਾਂ ਨੇ ਸੁਣੇ ਵੇਖੇ ਹਨ।

**ਪੂਰਨ ਤਾਲ ਖਟਾਇਆ।**

ਇਸ ਤੋਂ ਪਿੱਛੋਂ ਤਾਲ ਦੀ ਸੇਵਾ ਹੁਣ ਬੜੇ ਜ਼ੋਰਾਂ ਨਾਲ ਆਰੰਭ ਹੋਈ। ਇਥੋਂ ਤਾਈਂ ਕਿ ਸਰੋਵਰ ਸਾਰਾ ਖੁਦ ਗਿਆ। ਇਸ ਗੱਲ ਦੀ ਉਗਾਹੀ ਭਾਈ ਗੁਰਦਾਸ ਜੀ ਤੋਂ ਮਿਲਦੀ ਹੈ ਜੋ ਲਿਖਦੇ ਹਨ:–

**ਦਿਚੈ ਪੂਰਬ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ।।**
**ਬੈਠਾ ਸੋਢੀ ਪਾਤਸ਼ਾਹੁ ਰਾਮਦਾਸ ਸਤਿਗੁਰੂ ਕਹਾਵੈ।।**
**ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।।**
**ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ ਸਮਾਵੈ।।**
**ਦਿਤਾ ਲਈਏ ਆਪਣਾ ਅਣਦਿਤਾ ਕਛੁ ਹਥਿ ਨ ਆਵੈ।।**
ਫਿਰ ਆਈ ਘਰਿ ਅਰਜਨੇ ਪੁਤੁ ਸੰਸਾਰੀ ਗੁਰੂ ਕਹਾਵੈ।।
ਜਾਣ ਨ ਦੇਸ਼ਾਂ ਸੋਢੀਓਂ ਹੋਰਸਿ ਅਜਰੁ ਨ ਜਰਿਆ ਜਾਵੈ।।
ਘਰ ਹੀ ਕੀ ਵਥੁ ਘਰੇ ਰਹਾਵੈ।।੪੭।।

ਇਸ ਪਉੜੀ ਨੂੰ ਘੋਖਿਆ ਸਮਝ ਪੈਂਦੀ ਹੈ ਕਿ ਤਾਲ ਪੂਰਾ ਪੂਰਾ ਖੁਦ ਗਿਆ ਸੀ ਤੇ ਤਾਲ ਦੇ ਵਿੱਚ–ਕਾਹੇ ਥੜ੍ਹੇ ਵਾਂਙੂ ਜਗਾ ਤੇ ਉਸ ਤਕ ਰਸਤਾ ਰਖ ਲਿਆ ਗਿਆ ਸੀ। ਕਿਉਂਕਿ ਤਦੋਂ ਅੰਮ੍ਰਿਤਸਰ ਇਸ ਸਰੋਵਰ ਦਾ ਨਾਉਂ ਸੀ, ਸ਼ਹਿਰ ਦਾ ਨਾਉਂ ਨਹੀਂ ਸੀ। ਇਸ ਤਾਲ ਵਿੱਚ ਜੋਤਿ ਜਗਾਉਣ ਦਾ ਮਤਲਬ ਹੈ ਕਿ ਇਸ ਦੇ ਵਿੱਚ ਬੈਠ ਕੇ ਆਪ ਸਤਿਸੰਗ ਲਾਉਂਦੇ ਸਨ। ਜਿਥੇ ਹੁਣ ਹਰੀ ਮੰਦਰ ਹੈ ਏਥੇ ਸ੍ਰੀ ਗੁਰੂ ਰਾਮਦਾਸ ਜੀ ਨੇ ਚਾਹੋ ਇਕ ਸੁਹਣਾ ਮੰਡਪ, ਚਾਹੋ ਆਰਜ਼ੀ ਮੰਦਰ ਸਾਜ ਲਿਆ ਸੀ। ਉਥੇ ਦੀਵਾਨ ਸਜਦੇ ਤੇ ਕਥਾ ਕੀਰਤਨ ਸਤਿਸੰਗ ਹੁੰਦੇ ਸਨ। ਨਿਰੇ ਜਲ ਵਿੱਚ ਤਾਂ ਬੈਠ ਕੇ ਜੋਤ ਨਹੀਂ ਜਗਾਈ ਜਾਂਦੀ। ਜੋ ਨਗਰੀ ਵਸਾਈ ਤੇ ਵਸਾਈ ਜਾ ਰਹੀ ਸੀ, ਉਸ ਦਾ ਨਾਮ ਗੁਰੂ ਕਾ ਚੱਕ' ਤੇ ਰਾਮਦਾਸਪੁਰਾ ਤਦੋਂ ਲੈਂਦੇ ਸਨ ਅਤੇ ਅੰਮ੍ਰਿਤਸਰ ਤੇ ਰਾਮਦਾਸ ਸਰ ਸਰੋਵਰ ਦਾ ਨਾਉਂ ਸ੍ਰੀ ਯਥਾ:–

**ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ।।**
**ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ।।**

**ਸੋ ਗੁਰੂ ਅਰਜਨ ਦੇਵ ਜੀ ਨੇ ਖੁਦ:–**
**'ਅਨੂਪ ਰਾਮਦਾਸ ਪੁਰ' ਅਤੇ ਰਾਮਦਾਸ ਸਰ' ਆਖਿਆ ਹੈ।**



# ਰਾਮਦਾਸ ਸਤਿਗੁਰੂ ਕਹਾਵੈ



ਨਿਰਮਲ ਸਿੰਘ



ਸਿੱਖ ਧਰਮ ਵਿੱਚ ਗੁਰਤਾਗੱਦੀ ਵਾਲੇ ਤੱਖਤ ਤੇ, ਬਿਰਾਜਮਾਨ ਕਰਨ ਦਾ ਵਿਧੀ–ਵਿਧਾਨ, ਇਸ ਦਾ ਰੂਪ, ਸਰੂਪ, ਸੋਚ, ਸਿਧਾਂਤ, ਆਚਾਰ–ਵਿਵਹਾਰ ਆਦਿ ਨੂੰ ਸੰਸਥਾਗਤ ਵਜੋਂ ਸਥਾਪਤ ਕਰਨ ਦਾ ਮੁਢ, ਪ੍ਰਥਮ, ਗੁਰੂ, ਗੁਰੂ ਨਾਨਕ ਪਾਤਸ਼ਾਹ ਨੇ ਆਪ ਬੰਨਿਆ ਸੀ। ਉਹਨਾਂ ਨੇ ਆਪਣੇ ਦੋਵੇਂ ਪੁੱਤਰਾਂ (ਬਾਬਾ ਸ੍ਰੀ ਚੰਦ ਤੇ ਲਖਮੀ ਦਾਸ) ਨੂੰ ਅਣਡਿਠ ਕਰਦਿਆਂ, ਸੇਵਾ, ਸਿਮਰਨ ਤੇ ਹੁਕਮ ਮੰਨਣ ਵਾਲੇ ਭਾਈ ਲਹਿਣੇ ਨੂੰ ਅੰਗ ਲਾਉਂਦਿਆਂ ਗੁਰੂ ਅੰਗਦ ਦੀ ਪਦਵੀ ਬਖਸ਼ ਦਿੱਤੀ। ਏਸੇ ਤਰ੍ਹਾਂ ਹੀ ਗੁਰੂ ਅੰਗਦ ਦੇਵ ਜੀ ਨੇ ਅਤੇ ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਪਾਤਸ਼ਾਹ ਦੇ ਗੁਣਤੰਤਰ ਦੀ ਸਿਰਮੋਰਤਾ ਸਨਮੁੱਖ ਪਰਿਵਾਰਕ ਮੋਹ ਦਰ ਕਿਨਾਰ ਕਰਦਿਆਂ ਭਾਈ ਅਮਰੂ ਨੂੰ ਗੁਰੂ ਅਮਰਦਾਸ ਵਜੋਂ ਅਤੇ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਦੇ ਰੂਪ ਵਿੱਚ ਗੁਰਤਾਗੱਦੀ ਦੇ ਤਖਤ ਤੇ ਬਿਰਾਜਮਾਨ ਕੀਤਾ। ਇਸ ਤੱਥ ਦੀ ਪੁਸ਼ਟੀ ਕਰਦੇ ਹਨ:–

**ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।।**

**ਪ੍ਰਥਮੇ ਨਾਨਕ ਚੰਦੁ ਜਗਤ ਭਯੋ ਅਨੰਦੁ ਤਾਰਨਿ ਮਨੁਖ ਜਨ ਕੀਅਉ ਪ੍ਰਗਾਸ।।**

**ਗੁਰੂ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚਭੂਤ ਬਸਿ ਕੀਨੋ ਜਮਤ ਨ ਤ੍ਰਾਸ।।**

**ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗ ਰਾਖੀ ਪਤਿ ਅਗਨ ਦੋਖਤ ਗਤੁਚਰਨ ਕਵਲ ਜਾਸ।।**

**ਸਭ ਬਿਧਿ ਮਾਨਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।।**

ਸਾਡੀ ਇਸ ਧਾਰਨਾ ਕਿ ਹਰੇਕ ਗੁਰੂ ਸਾਹਿਬ ਵਿੱਚ ਇਕੋ ਉਹੋ ਨਿਰੰਕਾਰੀ ਜੋਤਿ ਪ੍ਰਵੇਸ਼ ਕਰਦੀ ਰਹੀ ਜੋ ਗੁਰੂ ਨਾਨਕ ਪਾਤਸ਼ਾਹ ਵਿੱਚ ਪ੍ਰਜਵਲਤ ਹੋਈ ਸੀ। ਰਾਮਕਲੀ ਦੀ ਵਾਰ ਵਿੱਚ ਭਾਈ ਸਤਾ ਤੇ ਬਲਵੰਤ ਨੇ ਵੀ ਏਹੋ ਸਿਧਾਂਤ ਪ੍ਰਗਟਾਇਆ ਹੈ ਕਿ **"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।।"**

ਮਾਨਵ ਸੋਚ ਲਈ ਇਹ ਮੰਨਣਾ ਮੁਸ਼ਕਲ ਹੈ ਕਿ ਇਕ ਯਤੀਮ ਬਾਲਕ ਸਿੱਖ ਧਰਮ ਦੀ ਸਰਬੋਤਮ ਪੱਦਵੀ ਗੁਰਤਾਗੱਦੀ ਪ੍ਰਾਪਤ ਕਰ ਸਕਦਾ ਹੈ। ਪਰ ਗੁਰੂ ਨਾਨਕ ਪਾਤਸ਼ਾਹ ਦੇ ਗੁਣਤੰਤਰ–ਚੋਣ' ਦੇ ਸਿਧਾਂਤ ਸਨਮੁੱਖ ਇਹ ਕ੍ਰਿਸ਼ਮਾ ਪ੍ਰਤਖ ਹੋਇਆ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਜੀ ਦੇ ਰੂਪ ਵਿੱਚ ਸਿੱਖ ਧਰਮ ਦੇ ਚੌਥੇ ਗੁਰੂ ਦੇ ਰੂਪ ਵਿੱਚ ਸਥਾਪਤ ਕਰਕੇ।

**ਮੁੱਢਲਾ ਜੀਵਨ: ਭਾਈ ਜੇਠਾ ਜੀ ਦੇ ਰੂਪ** ਸ੍ਰੀ ਗੁਰੂ ਰਾਮਦਾਸ

ਜੀ ਦਾ ਜਨਮ ਲਾਹੌਰ ਵਿੱਚ ਸੋਢੀ ਪਰਿਵਾਰ ਦੇ ਪੁੱਤਰ ਹਰਿਦਾਸ ਦੇ ਘਰ ਮਾਤਾ ਦਯਾ ਕੌਰ (ਬੀਬੀ ਅਨੂਪੀ) ਦੀ ਕੁੱਖੋਂ ਕੱਤਕ ਵਦੀ 2, ਸੰਮਤ 1591 ਮੁਤਾਬਿਕ 24 ਸਤੰਬਰ, 1534 ਨੂੰ ਹੋਇਆ। ਪਹਿਲੀ ਔਲਾਦ ਹੋਣ ਕਰਕੇ ਪਰੰਪਰਾਗਤ ਨਾਂ ਰੱਖਿਆ ਜੇਠਾ। ਪਿੱਛੋਂ ਇਕ ਭਰਾ ਹੋਰ ਭਾਈ ਹਰਿਦਆਲ ਅਤੇ ਭੈਣ ਰਾਮਦਾਸੀ ਪੈਦਾ ਹੋਏ। ਬਾਲਕ ਉਮਰ ਵਿੱਚ ਪਹਿਲਾਂ ਮਾਤਾ ਜੀ ਚਲਾਣਾ ਕਰ ਗਏ ਅਤੇ ਸਤਵਾਂ ਵਰ੍ਹਾ ਹੀ ਲੱਗਾ ਤਾਂ ਬਾਪੂ ਦਾ ਸਾਇਆ ਵੀ ਜਾਂਦਾ ਰਿਹਾ। ਬੱਚਿਆਂ ਨੂੰ ਅਨਾਥ ਵੇਖ ਕੇ ਨਾਨੀ ਆਪ ਨੂੰ ਪਿੰਡ ਬਾਸਰਕੇ ਲੈ ਆਈ। ਏਥੇ ਹੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿੱਚ ਆਏ ਸਨ। ਭਾਈ ਜੇਠਾ ਜੀ ਨੇ ਬਾਰਾਂ ਸਾਲ ਦੀ ਉਮਰ ਵਿੱਚ ਬਾਬਾ (ਗੁਰੂ) ਅਮਰਦਾਸ ਰਾਹੀਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ। ਜਦੋਂ ਗੋਇੰਦਵਾਲ ਬਣਨ ਲੱਗਾ ਤਾਂ ਨਾਨੀ, ਸਮੇਤ ਬਾਲਕ ਜੇਠਾ ਜੀ ਗੋਇੰਦਵਾਲ ਆ ਟਿਕੇ। ਗੁਰੂ ਘਰ ਦੀ ਘਾਲ ਦੇ ਨਾਲ-ਨਾਲ ਘੁੰਗਣੀਆਂ ਵੇਚਣ ਦੀ ਕਿਰਤ ਵੀ ਕਰੀ ਜਾਂਦੇ। ਇਸ ਕਿਰਤ ਦੇ ਨਾਲ ਗੁਰੂ ਜੇਠਾ ਰੋਜ਼ ਗੁਰੂ-ਦਰਬਾਰ ਦੀ ਹਾਜ਼ਰੀ ਵੀ ਭਰਦੇ ਅਤੇ ਗੋਇੰਦਵਾਲ ਦੀ ਉਸਾਰੀ ਵਿੱਚ ਵੀ ਯਥਾ-ਸ਼ਕਤ ਸੇਵਾ ਕਰਦੇ। ਸੇਵਾ ਵਿੱਚ ਜੁਟਿਆਂ ਭਾਈ ਜੇਠਾ ਜੀ ਤੇ ਇਕ ਦਿਨ ਗੁਰੂ ਅਮਰਦਾਸ ਜੀ ਦੀ ਮਿਹਰ-ਦ੍ਰਿਸ਼ਟੀ ਆਪ ਉਤੇ ਟਿਕੀ ਅਤੇ ਸੁਭਾਵਿਕ ਹੀ ਪ੍ਰਸ਼ਨ ਕੀਤਾ ਕਿ ਬਾਸਰਕੇ ਕਿਉਂ ਛੱਡ ਆਏ ਹੋ? "ਨਿਮਰਤਾ ਅਤੇ ਅਧੀਨਤਾ ਨਾਲ ਹੱਥ ਜੋੜ ਕੇ ਉਤਰ ਦਿੱਤਾ ਕਿ, "ਸੰਸਾਰਕ ਲੋੜਾਂ ਤੇ ਸਰੀਰਕ ਖਾਹਿਸ਼ਾਂ ਤਜ ਕੇ ਏਥੇ ਆਇਆ ਹਾਂ। ਉਤਰ ਸੁਣਕੇ ਗੁਰੂ ਸਾਹਿਬ ਤੋਂ ਅਸੀਸ ਮਿਲੀ ਕਿ "ਜੇ ਸੰਸਾਰਕ ਇੱਛਾਵਾਂ, ਲਾਲਸਾਵਾਂ ਤੇ ਮੋਹ ਪਰ੍ਹੇ ਹਟਾ ਆਏ ਹੋ ਤਾਂ ਸੱਚੀ ਪਾਤਸ਼ਾਹੀ ਵੀ ਤੁਹਾਨੂੰ ਹੀ ਮਿਲੇਗੀ।

**ਵਿਆਹ:-** ਗੁਰੂ ਅੰਗ-ਸੰਗ ਸੀ ਭਾਈ ਜੇਠੇ ਦੇ* ਮਾਤਾ ਮਨਸਾ ਦੇਵੀ (ਬੀਬੀ ਰਾਮੋ ਜੀ) ਨੇ ਜਵਾਨ ਹੋ ਰਹੀ ਬੀਬੀ ਭਾਨੀ ਦੀ ਚਿੰਤਾ ਗੁਰੂ ਜੀ ਸਨਮੁਖ ਕੀਤੀ ਤਾਂ ਗੁਰੂ ਜੀ ਨੇ ਪੁਛਿਆ ਕਿੰਵਰ ਕਿਹੋ ਜਿਹਾ? ਮਾਤਾ ਜੀ ਨੇ ਕਿਹਾ ਭਾਈ ਜੇਠੇ ਵਰਗਾ।" ਜੋ ਬਹੁਤ ਸੁਹਣਾ ਤੇ ਸੁਲੱਖਾ ਸੀ* ਫਿਰ ਭਾਈ ਜੇਠੇ ਵਰਗਾ ਤਾਂ ਜੇਠਾ ਹੀ ਹੈ", ਗੁਰੂ ਜੀ ਨੇ ਕਿਹਾ। ਕੈਸੀ ਰਹਿਮਤ ਸੀ ਇਕ ਅਨਾਥ ਘੁੰਗਣੀਆਂ ਵੇਚਣ ਵਾਲੇ ਭਾਈ ਜੇਠੇ ਉੱਤੇ ਗੁਰੂ ਘਰ ਵਿੱਚ ਪਹਿਲਾਂ ਮੰਗਣੀ ਤੇ ਫਿਰ ਵਿਆਹ ਹੋ ਗਿਆ ਭਾਈ ਜੇਠੇ ਦਾ ਬੀਬੀ ਭਾਨੀ ਜੀ ਨਾਲ।

ਸ੍ਰੀ ਗੁਰੂ ਅਮਰਦਾਸ ਜੀ ਨੂੰ ਬਾਬਾ ਜੇਠਾ ਜੀ ਨੇ ਆਪਣੇ ਸਹੁਰੇ ਤੋਂ ਜ਼ਿਆਦਾ ਆਪਣੇ ਇਸ਼ਟ-ਗੁਰੂ ਦੇ ਰੂਪ ਵਿੱਚ ਵੇਖਿਆ। ਗੁਰੂ ਘਰ ਦੀ ਬੇਟੀ ਨਾਲ ਵਿਆਹ ਹੋਣ ਦੇ ਬਾਵਜੂਦ ਆਪ ਸੰਸਾਰਕ ਸੰਬੰਧਾਂ ਤੋਂ ਉਚੇਰੇ ਹੋ ਕੇ, ਲੋਕਾਚਾਰੀ ਅਤੇ ਲੋਕਲਾਜ ਦੀ ਪ੍ਰਵਾਹ ਨਾ ਕਰਦੇ ਹੋਏ ਗੁਰੂ ਘਰ ਦੀ ਸੇਵਾ ਅਤੇ ਟਹਿਲ ਵਿੱਚ ਨਿਰੰਤਰ ਲੱਗੇ ਰਹੇ। ਆਪ ਦੀ ਸੇਵਾ ਤੋਂ ਖੁਸ਼ ਹੋ ਸ੍ਰੀ ਗੁਰੂ ਅਮਰਦਾਸ ਜੀ ਆਪ ਨੂੰ ਰਾਮਦਾਸ ਹੀ ਸਦਿਆ ਕਰਦੇ ਸਨ। ਸਮਾਂ ਪਾ ਕੇ ਆਪ ਜੀ ਦੇ ਘਰ ਤਿੰਨ ਸਪੁੱਤਰ ਪੈਦਾ ਹੋਏ-ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਂਦੇਵ ਜੀ, ਬਾਬਾ ਅਰਜਨ ਦੇਵ ਜੀ। ਸ੍ਰੀ ਗੁਰੂ ਅਮਰਦਾਸ ਜੀ ਨੇ ਬਾਬਾ ਜੇਠਾ ਦੀ ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਪਰਖ ਕੀਤੀ। ਅੰਤ ਆਪ ਸਾਰੀ ਪ੍ਰੀਖਿਆ ਵਿੱਚੋਂ ਸਫਲ ਹੋ ਕੇ ਨਿਤਰੇ। ਸ੍ਰੀ ਗੁਰੂ ਅਮਰਦਾਸ ਜੀ ਨੇ 1574 ਈ: ਨੂੰ ਆਪ ਜੀ ਨੂੰ ਗੁਰਤਾ ਗੱਦੀ ਤੇ ਬਿਰਾਜਮਾਨ ਕੀਤਾ ਅਤੇ ਆਪ ਜੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਨਾਲ ਨਿਵਾਜਿਆ।

ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਮੰਨ ਕੇ ਆਪ ਗੋਇੰਦਵਾਲ ਛੱਡ ਅੰਮ੍ਰਿਤਸਰ ਆ ਰਹੇ। ਅੰਮ੍ਰਿਤਸਰ ਗੈਜ਼ਟੀਅਰ ਅਨੁਸਾਰ 1577 ਈ:ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੀ ਥਾਂ ਅਤੇ ਨਾਲ ਲਗਦੀ 500 ਵਿਘੇ ਜ਼ਮੀਨ ਅਕਬਰ ਤੋਂ ਜਗੀਰ ਵਿੱਚ ਲਈ ਤੇ ਉਸ ਦੇ ਬਦਲੇ ਤੁੰਗ ਪਿੰਡ ਦੇ ਜ਼ਿਮੀਂਦਾਰ ਜੋ ਉਸ ਜ਼ਮੀਨ ਦੇ ਮਾਲਕ ਸਨ ਨੂੰ 700 ਅਕਬਰੀ ਰੁਪਏ ਦਿੱਤੇ। ਗੁਰੂ ਸਾਹਿਬ ਜੀ ਨੇ ਸਰੋਵਰ ਦੀ ਖੁਦਾਈ ਕਰਵਾਈ ਅਤੇ ਸ਼ਹਿਰ ਦੀ ਨੀਂਹ ਰੱਖੀ ਜਿਸ ਨੂੰ ਉਸ ਵੇਲੇ 'ਚੱਕ ਗੁਰੂ', 'ਚੱਕ ਰਾਮਦਾਸ' ਜਾਂ 'ਰਾਮਦਾਸਪੁਰ' ਕਹਿੰਦੇ ਸਨ। ਆਪ ਜੀ ਨੇ 52 ਵੱਖ-ਵੱਖ ਕੰਮਾਂ (ਕਿੱਤੇ) ਵਾਲੇ ਕਾਰੀਗਰ ਲੋਕਾਂ ਨੂੰ ਸੱਦ 'ਗੁਰੂ ਕਾ ਬਜ਼ਾਰ' ਵਿਖੇ ਆਪਣੇ ਕਾਰੋਬਾਰ ਚਲਾਉਣ ਲਈ ਸੱਦਿਆ। ਸਮੇਂ ਦੇ ਬੀਤਣ ਨਾਲ ਇਹ ਸ਼ਹਿਰ ਉਤਰੀ ਭਾਰ ਵਿੱਚ ਵਪਾਰ ਦਾ ਪ੍ਰਮੁੱਖ ਕੇਂਦਰ ਬਣ ਗਿਆ। ਗੁਰੂ ਸਾਹਿਬ ਜੀ ਨੇ ਆਪਣੀ ਰਿਹਾਇਸ਼ ਦੇ ਲਈ ਮਕਾਨ ਦੀ ਉਸਾਰੀ ਕਰਵਾਈ ਜੋ ਬਾਅਦ ਵਿੱਚੋਂ 'ਗੁਰੂ ਕੇ ਮਹਿਲ' ਕਰਕੇ ਪ੍ਰਸਿੱਧ ਹੋਇਆ।

ਗੁਰੂ ਰਾਮਦਾਸ ਜੀ ਦੁਆਰਾ ਵਸਾਏ ਨਗਰ ਵਿੱਚ ਲੰਗਰ ਸੰਸਥਾ ਉਸੇ ਤਰ੍ਹਾਂ ਬਰਕਰਾਰ ਸੀ ਜਿਵੇਂ ਕਿ ਕਰਤਾਰਪੁਰ, ਖਡੂਰ ਸਾਹਿਬ ਅਤੇ ਗੋਇੰਦਵਾਲ ਸਾਹਿਬ ਵਿੱਚ ਪ੍ਰਚਲਿਤ ਸੀ। ਸਿੱਖ ਸੰਗਤਾਂ ਦੀ ਸੁਚੱਜੀ ਦੇਖ ਰੇਖ ਵਾਸਤੇ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਤਾਂ ਸਥਾਪਤ ਕਰ ਹੀ ਦਿੱਤੀਆਂ ਸਨ ਹੁਣ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਸ਼ੁਰੂ ਕਰ ਦਿੱਤੀ ਸੀ। ਸਿੱਖੀ ਪ੍ਰਚਾਰ ਤੇ ਪ੍ਰਸਾਰ ਦੇ ਨਾਲ-ਨਾਲ ਮਸੰਦ ਗੁਰਸਿੱਖਾਂ ਕੋਲੋਂ ਕਾਰ ਭੇਟ ਇਕੱਤਰ ਕਰ ਕੇ ਗੁਰੂ ਦਰਬਾਰ ਵਿਖੇ ਪਹੁੰਚਾਉਣ ਦਾ ਕਾਰਜ ਵੀ ਕਰਦੇ ਸਨ। ਸਿੱਖ ਨਿਤਨੇਮ ਨੂੰ ਨੀਯਮਬੱਧ ਕਰਦੇ ਹੋਏ ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਹਰ ਗੁਰਸਿੱਖ **'ਬਹਦਿਆ ਉਠਦਿਆ ਹਰਿ ਨਾਮ ਧਿਆਵੈ'** ਅਤੇ ਆਪਣੇ ਉਧਾਰ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣੇ ਫਰਜ਼ ਨੂੰ ਨਿਭਾਉਂਦੇ ਹੋਏ **'ਆਪਿ ਜਪੈ ਅਵਰਹ ਨਾਮੁ ਜਪਾਵੈ'**। ਗੁਰਸਿੱਖ ਹਰੇਕ ਕੰਮ ਕਰਤਾਰ ਦੇ ਭਰੋਸੇ ਕਰੇ। ਹਰੇਕ ਕੰਮ ਦੀ ਆਰੰਭਤਾ ਸਮੇਂ ਪਰਮਾਤਮਾ ਅਗੇ ਅਰਦਾਸ ਬੇਨਤੀ ਕਰੇ:

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।। ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।।**

ਆਪ ਜੀ ਨੇ ਵੇਖ ਪਰਖਣ ਤੋਂ ਬਾਅਦ ਬਾਬਾ ਅਰਜਨ ਦੇਵ ਜੀ ਨੂੰ ਹੀ ਗੁਰਗੱਦੀ ਪਦ ਦੇ ਲਾਇਕ ਸਮਝਿਆ। ਪੂਰੀ ਸੋਚ ਵਿੱਚਾਰ ਤੇ ਪਰਖ਼ ਪੜਤਾਲ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਦਾ ਤਿਲਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਇਆ। ਪ੍ਰਿਥੀਆ ਗੁਰਗੱਦੀ ਤੇ ਆਪਣਾ ਹੱਕ ਸਮਝਦਾ ਸੀ। ਉਸਨੇ ਗੁਰੂ ਸਾਹਿਬ ਜੀ ਨਾਲ ਇਸੇ ਕਾਰਨ ਝਗੜਾ ਕੀਤਾ। ਗੁਰੂ ਸਾਹਿਬ ਜੀ ਨੇ ਬਹੁਤੇਰਾ ਸਮਝਾਇਆ ਪਰ ਉਹ ਨਾ ਸਮਝਿਆ ਅੰਤ ਉਸ ਪ੍ਰਥਾਇ ਗੁਰੂ ਸਾਹਿਬ ਜੀ ਨੇ ਸ਼ਬਦ ਉਚਾਰਦੇ ਹੋਏ ਫੁਰਮਾਇਆ 'ਕਾਹੇ ਪੂਤ ਝਗਰਤ ਹਉ ਸੰਗਿ ਬਾਪ।। ....' ਅੰਤਲੇ ਸਮੇਂ ਆਪ ਗੋਇੰਦਵਾਲ ਚਲੇ ਗਏ ਅਤੇ ਉਥੇ ਹੀ ਆਪ 1581 ਈ: ਨੂੰ ਜੋਤੀ ਜੋਤ ਸਮਾ ਗਏ।



# ਪੰਥ ਪ੍ਰਸਤ ਗਿਆਨੀ ਕਰਤਾਰ ਸਿੰਘ ਕਿਹੋ ਜਿਹੇ ਸਨ?



**ਸ੍ਰ: ਤਰਲੋਚਨ ਸਿੰਘ**

ਪੰਥਕ ਸੋਚ ਨਾਲ ਢਿਡੋਂ ਜੁੜੇ ਪ੍ਰਸਿੱਧ ਸਿੱਖ ਵਿਦਵਾਨ ਤੇ ਸਿਆਸਤਦਾਨ ਸ੍ਰ: ਤਰਲੋਚਨ ਸਿੰਘ ਨੂੰ ਦੇਸ਼ ਵਿਦੇਸ਼ ਦੀਆਂ ਬੇਅੰਤ ਉਚ ਸ਼ਖ਼ਸੀਅਤਾਂ ਨੂੰ ਬਹੁਤ ਨੇੜਿਓਂ ਵੇਖਣ ਤੇ ਸਮਝਣ ਦਾ ਅਵਸਰ ਪ੍ਰਾਪਤ ਹੁੰਦਾ ਰਿਹਾ ਹੈ। ਇਨ੍ਹਾਂ ਵਿੱਚੋਂ ਕੁੱਝ ਸਿੱਖ ਸ਼ਖ਼ਸੀਅਤਾਂ ਅਜਿਹੀਆਂ ਹਨ ਜਿਨ੍ਹਾਂ ਦੀ ਅਸਲ ਗਾਖੜੀ ਦਰਵੇਸ਼ ਜੀਵਨ-ਸ਼ੈਲੀ ਬਾਰੇ ਵਧੇਰੇ ਜਾਣਕਾਰੀ ਨਹੀਂ ਹੈ। ਇਨ੍ਹਾਂ ਵਿੱਚੋਂ ਇਕ ਸ਼ਖ਼ਸੀਅਤ ਹੈ ਗਿਆਨੀ ਕਰਤਾਰ ਸਿੰਘ ਜੀ ਜੋ ਸਿੱਖ ਸਮਾਜ ਵਿੱਚ **ਪੰਥ ਦੇ ਦਿਮਾਗ** ਵਜੋਂ ਜਾਣੇ ਜਾਂਦੇ ਸਨ। ਆਪ ਜੀ ਵਿਭਿੰਨ ਪਾਰਟੀਆਂ ਵਿੱਚ ਸ਼ਾਮਲ ਹੁੰਦਿਆਂ ਉਚ ਪਦਵੀਆਂ ਅਤੇ ਸਰਕਾਰਾਂ ਵਿੱਚ ਪ੍ਰਭਾਵੀ ਮੰਤਰੀ ਰਹਿਣ ਦੇ ਬਾਵਜੂਦ ਅਜਿਹੇ ਦਰਵੇਸ਼ ਸਨ ਕਿ ਜੇਬ ਹਮੇਸ਼ਾ ਖਾਲੀ ਹੁੰਦੀ ਸੀ। ਸ੍ਰ:ਤਰਲੋਚਨ ਸਿੰਘ ਜੀ ਨੇ ਉਨ੍ਹਾਂ ਦੇ ਅਜਿਹੇ ਜੀਵਨ-ਪੰਧ ਨੂੰ ਬਾਖੂਬੀ ਵਰਨਣ ਕਰਦਿਆਂ ਗਿਆਨੀ ਜੀ ਬਾਰੇ ਹੱਥਲੇ ਲੇਖ ਵਿੱਚ ਸਟੀਕ ਜਾਣਕਾਰੀ ਦਿੱਤੀ ਹੈ। ਪਰ ਇਕ ਵਾਕਿਆ ਜੋ ਮੇਰੇ ਤੇ ਗਿਆਨੀ ਕਰਤਾਰ ਸਿੰਘ ਜੀ ਦਰਮਿਆਨ ਵਾਪਰਿਆ ਉਹ ਵੀ ਪਾਠਕਾਂ ਨਾਲ ਸਾਂਝਾ ਕਰਨ ਲਈ ਇਸ ਲੇਖ ਨਾਲ ਸ਼ਾਮਲ ਕੀਤਾ ਜਾ ਰਿਹਾ ਹੈ ਜੋ ਸ੍ਰ:ਤਰਲੋਚਨ ਸਿੰਘ ਜੀ ਦੇ ਗਿਆਨੀ ਜੀ ਬਾਰੇ ਵਿੱਚਾਰਾਂ ਦੀ ਪੁਸ਼ਟੀ ਤੇ ਪ੍ਰੇਰਨਾ ਕਰਦਾ ਹੈ।



**ਗਿਆਨੀ ਕਰਤਾਰ ਸਿੰਘ ਜੀ**

ਇਹ ਵਾਕਿਆ ਸਾਲ 1963 ਦਾ ਹੈ ਜਦੋਂ ਗਿਆਨੀ ਕਰਤਾਰ ਸਿੰਘ ਜੀ ਸੰਤ ਫਤਹਿ ਸਿੰਘ ਜੀ ਦੇ ਅਕਾਲੀ ਦਲ ਦਾ ਹਿੱਸਾ ਬਣ ਗਏ। ਮੈਂ ਉਨ੍ਹਾਂ ਦਿਨਾਂ ਵਿੱਚ ਸੰਤ ਜੀ ਦੇ ਜਲੰਧਰ ਵਿੱਚ ਛਪਦੇ ਅਖ਼ਬਾਰ 'ਰੋਜ਼ਾਨਾ ਕੌਮੀ ਦਰਦ' ਦਾ ਮੈਨੇਜਿੰਗ ਆਡੀਟਰ ਸਾਂ। ਗਿਆਨੀ ਜੀ ਇਕ ਦਿਨ ਅਖ਼ਬਾਰ ਦੇ ਦਫ਼ਤਰ ਦੇ ਬਾਹਰ ਖੜ੍ਹੇ ਹੋ ਕੇ ਬੋਲਣ ਲਗੇ ਕਿ ਭਾਈ ਏਥੇ 'ਜਸਬੀਰ ਸਿੰਘ' ਕੌਣ ਹੈ? ਗਿਆਨੀ ਜੀ ਮੈਨੂੰ ਨਹੀਂ ਸਨ ਜਾਣਦੇ ਪਰ ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ। ਮੈਂ ਬਾਹਰ ਆ ਕੇ ਉਨ੍ਹਾਂ ਦੇ ਗੋਡੀ ਹੱਥ ਲਾ ਕੇ ਆਖਿਆ ਕਿ ਜੀ ਹੁਕਮ ਕਰੋ। ਗਿਆਨੀ ਜੀ ਮੇਰੇ ਵਲ ਵੇਖ ਕੇ ਬੋਲੇ ਕਿ ਓਏ ਮੁੰਡਿਆ ਮੈਂ ਤਾਂ ਜਸਬੀਰ ਸਿੰਘ ਨੂੰ ਮਿਲਣਾ ਹੈ ਓਹ ਕਿਥੇ ਹੈ? ਮੈਂ ਹੱਥ ਜੋੜ ਕੇ ਆਖਿਆ ਕਿ ਓਹ ਤਾਂ ਮੈਂ ਹੀ ਹਾਂ ਜੀ ਹੁਕਮ ਕਰੋ। ਗਿਆਨੀ ਜੀ ਨੇ ਕਿਹਾ ਮੈਂ ਤਾਂ ਸਮਝਿਆ ਕੋਈ ਬਜ਼ੁਰਗ ਹੋਵੇਗਾ। ਖੈਰ ਥਲੇ ਖੜੇ ਰਿਕਸ਼ੇ ਵਾਲੇ ਨੂੰ 'ਅਠਨੀ' ਦੇ ਆ। ਮੈਂ ਰਿਕਸ਼ੇ ਵਾਲੇ ਨੂੰ ਪੈਸੇ ਦੇ ਕੇ ਉੱਪਰ ਆ ਗਿਆ ਤਾਂ ਗਿਆਨੀ ਜੀ ਬੋਲੇ ਮੇਰੇ ਲਈ ਦੋ ਕੱਪ ਚਾਹ ਤੇ ਕੁੱਝ ਖਾਣ ਨੂੰ ਲਿਆ ਮੈਨੂੰ ਭੁੱਖ ਲਗੀ ਹੈ। ਮੈਂ ਸੇਵਾਦਾਰ ਨੂੰ ਭੇਜ ਕੇ ਚਾਹ, ਬ੍ਰੈਡ ਤੇ ਬਿਸਕੁਟ ਮੰਗਵਾ ਲਏ। ਕੋਈ ਇਕ ਘੰਟਾ ਅਖ਼ਬਾਰ ਦੇ ਸਾਰੇ ਕਰਮਚਾਰੀਆਂ ਨਾਲ ਗਲਬਾਤ ਕਰਨ ਉਪਰੰਤ ਗਿਆਨੀ ਜੀ ਮੇਰੇ ਸਾਈਕਲ ਦੇ ਕੈਰੀਅਰ ਤੇ ਬੈਠ ਕੇ ਜਲੰਧਰ ਬੱਸ ਸਟੈਂਡ ਪੁਜੇ ਅਤੇ ਮੈਨੂੰ ਪੁਛਿਆ ਕਿ ਤੇਰੀ ਜੇਬ ਵਿੱਚ ਕੁੱਝ ਪੈਸੇ ਹਨ? ਮੈਂ ਹਾਂ ਜੀ ਆਖਿਆ ਤਾਂ ਮੈਨੂੰ ਹੁਕਮ ਹੋਇਆ ਕਿ ਟਾਂਡੇ ਜਾ ਰਹੀ ਬੱਸ ਦਾ ਟਿਕਟ ਲੈ ਆ। ਭਲਾ ਜ਼ਮਾਨਾ ਸੀ ਟਿਕਟ ਤੇ ਦੋ ਰੁਪਏ ਲਗੇ ਤਾਂ ਮੈਂ ਗਿਆਨੀ ਜੀ ਨੂੰ ਟਿਕਟ ਅਤੇ ਪੰਜਾਂ ਦੇ ਨੋਟ ਵਿੱਚੋਂ ਬਚੇ 3 ਰੁਪਏ ਫੜਾ ਦਿੱਤੇ ਅਤੇ ਆਖਿਆ ਕਿ ਆਪ ਜੀ ਨੂੰ ਅਗੇ ਲੋੜ ਪਏਗੀ। ਗਿਆਨੀ ਜੀ ਦਾ ਬੋਹੜੀ ਝਿੜਕ ਭਰਿਆ ਉੱਤਰ ਸੁਣਕੇ ਮੇਰੇ ਹੋਸ਼ ਉਡ ਗਏ। ਉੱਤਰ ਸੀ ਓਏ ਤੇਰੇ ਵਰਗੇ ਅਗੇ ਹੋਰ ਬਥੇਰੇ ਜਸਬੀਰ ਹਨ ਜੋ ਲੋੜ ਅਨੁਸਾਰ ਕਾਰਜ ਕਰਦੇ ਰਹਿੰਦੇ ਹਨ ਮੈਂ ਆਪਣੀ ਜੇਬ ਵਿੱਚ ਪੈਸੇ ਨਹੀਂ ਰੱਖਦਾ ਅਤੇ ਗਿਆਨੀ ਜੀ ਨੇ ਆਪਣੇ ਖੱਦਰ ਦੇ ਪਾਏ ਚੋਲੇ ਦੀਆਂ ਦੋਵੇਂ ਜੇਬਾਂ ਵਿਖਾ ਦਿੱਤੀਆਂ। ਮੈਨੂੰ ਹੈਰਾਨੀ ਹੋਈ ਕਿ ਅਜੋਕੇ ਸਮੇਂ ਤਾਂ ਸਿਆਸੀ ਆਗੂ ਜੇਬਾਂ ਖਾਲੀ ਕਰਵਾ ਲੈਂਦੇ ਹਨ। ਸੋ ਅਜਿਹੇ **ਦਰਵੇਸ਼ ਗਿਆਨੀ ਕਰਤਾਰ ਸਿੰਘ ਜੀ ਬਾਰੇ ਸਤਿਕਾਰਤ ਸ੍ਰ: ਤਰਲੋਚਨ ਸਿੰਘ ਜੀ ਦਾ ਗਿਆਨੀ ਕਰਤਾਰ ਸਿੰਘ ਜੀ** ਬਾਰੇ ਲਿਖਿਆ ਲੇਖ ਅਸੀਂ ਪਾਠਕਾਂ ਦੀ ਜਾਣਕਾਰੀ ਹਿੱਤ ਹੱਥਲੇ ਅੰਕ ਵਿੱਚ ਪ੍ਰਕਾਸ਼ਤ ਕਰਨ ਦੀ ਖੁਸ਼ੀ ਲੈ ਰਹੇ ਹਾਂ **-ਸੰਪਾਦਕ)**

ਕਦੇ ਵੇਲਾ ਸੀ ਕਿ ਜਦੋਂ ਵੀ ਸਿੱਖਾਂ ਦੀ ਕੋਈ ਗੱਲ ਹੋਵੇ, ਕੋਈ ਸਮੱਸਿਆ ਹੋਵੇ ਅਤੇ ਜਾਂ ਕੋਈ ਹੋਰ ਕਾਰਵਾਈ ਹੋਵੇ ਤਾਂ ਕੇਵਲ ਇਕੋ ਨਾਂ ਸਾਹਮਣੇ ਆਉਂਦਾ ਸੀ, ਉਹ ਸੀ ਗਿਆਨੀ ਕਰਤਾਰ ਸਿੰਘ ਜੀ ਦਾ। ਆਮ ਕਰਕੇ ਇਹ ਕਿਹਾ ਜਾਂਦਾ ਸੀ ਕਿ ਗਿਆਨੀ ਕਰਤਾਰ ਸਿੰਘ ਸਿੱਖ ਕੌਮ ਦਾ ਦਿਮਾਗ ਹਨ। ਇਤਨੀ ਸਿਆਣਪ ਤੇ ਸੂਝ-ਬੂਝ ਸ਼ਾਇਦ ਹੀ ਕਿਸੇ ਹੋਰ ਕੋਲ ਨਜ਼ਰ ਆਉਂਦੀ ਹੋਵੇ। ਗਿਆਨੀ ਕਰਤਾਰ ਸਿੰਘ ਨੇ ਰਾਜ ਤਾਂ ਨਹੀਂ ਕੀਤਾ ਪਰ ਰਾਜ ਭਾਗ ਤੋਂ ਵੀ ਵੱਧ ਆਪਣੇ ਨਾਂ ਦਾ ਸਿੱਕਾ ਲੋਕਾਂ ਦੇ ਮਨਾ ਤੇ ਚਲਾਇਆ। ਗਿਆਨੀ ਕਰਤਾਰ ਸਿੰਘ ਜੀ ਦਾ ਜਨਮ 1902 ਵਿੱਚ ਚੱਕ ਨੰ:40 ਲਾਇਲਪੁਰ ਜਿਲ੍ਹੇ ਵਿੱਚ ਹੋਇਆ। ਕਿਆ ਕਮਾਲ ਹੈ ਕਿ ਗਿਆਨੀ ਕਰਤਾਰ ਸਿੰਘ ਜੋ 12ਵੀਂ ਜਮਾਤ ਤੋਂ ਵੱਧ ਵਿੱਦਿਆ ਪ੍ਰਾਪਤ ਨ ਕਰ ਸਕੇ ਪਰ ਉਹ ਰਾਜਸੀ ਦਾਅ ਪੇਚ ਦੇ ਸਾਰੇ ਭਾਰਤ ਵਿੱਚ ਮਾਹਿਰ ਮੰਨੇ ਜਾਣ ਲੱਗੇ।

ਲੱਗਭਗ 119 ਸਾਲ ਪਹਿਲਾਂ ਜਨਮੇ ਗਿਆਨੀ ਕਰਤਾਰ ਸਿੰਘ ਜੀ ਬਾਰੇ ਇਸ ਲੇਖ ਰਾਹੀਂ ਮੈਂ ਕੇਵਲ ਸਿੱਖਾਂ ਤੇ ਪੰਜਾਬੀਆਂ ਦੀ ਸੁਰਤ ਸ਼ਕਤੀ ਨੂੰ ਟੁੰਬ ਰਿਹਾ ਹਾਂ ਜੋ ਅੱਜ ਇਹੋ ਜਿਹੇ ਲੀਡਰ ਨੂੰ ਭੁੱਲ ਚੁੱਕੇ ਹਨ। ਇਹ ਠੀਕ ਹੈ ਕਿ ਇਨਸਾਨ ਦੀ ਯਾਦ ਸ਼ਕਤੀ ਕੇਵਲ ਆਪਣੇ ਘਰ ਤੇ ਕਬੀਲੇ ਤੱਕ ਹੀ ਸੀਮਤ ਰਹਿੰਦੀ ਹੈ। ਉਹ ਕਦੇ ਚੇਤਾ ਨਹੀਂ ਕਰਦੇ ਕਿ ਉਨ੍ਹਾਂ ਦੇ ਸਮੁੱਚੇ ਸਮਾਜ ਲਈ ਤੇ ਕੌਮ ਲਈ ਕੋਈ ਪੁਰਸ਼ ਕਰ ਗੁਜਰਿਆ ਹੈ। ਅਸੀਂ ਸਾਰੇ ਕਿਸੇ ਪੱਖੋਂ ਲਾਭ ਤਾਂ ਉਠਾਉਂਦੇ ਰਹੇ ਪਰ ਇਹ ਸੋਚਣ ਤੋਂ ਭੁਲ ਗਏ ਹਾਂ ਕਿ ਇਹੋ

ਜਿਹੇ ਪੁਰਸ਼ ਦੀ ਯਾਦ ਵੀ ਮਨਾਉਣੀ ਚਾਹੀਦੀ ਹੈ। ਮੈਨੂੰ ਯਾਦ ਹੈ ਕਿ ਕੁੱਝ ਸਾਲ ਪਹਿਲਾਂ ਮੈਂ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਅਤੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗਿਆਨੀ ਕਰਤਾਰ ਸਿੰਘ ਜੀ ਦੀ ਜਨਮ ਸ਼ਤਾਬਦੀ ਮਨਾਉਣ ਦਾ ਵਿੱਚਾਰ ਭੇਜਿਆ ਸੀ। ਪਰ ਬੜਾ ਅਫਸੋਸ ਹੈ ਕਿ ਕਿਸੇ ਨੇ ਵੀ ਇਧਰ ਧਿਆਨ ਨਹੀਂ ਦਿੱਤਾ। ਗਿਆਨੀ ਕਰਤਾਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸਾਰੂਆਂ ਵਿੱਚੋਂ ਇਕ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ ਵਿੱਚ ਬੜੀਆਂ ਤਰਮੀਮਾਂ ਕਰਵਾ ਕੇ ਇਸ ਦੇ ਅਖਤਿਆਰ ਵਧਾਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਰਹੇ ਅਤੇ ਅੰਤਰਿੰਗ ਕਮੇਟੀ ਦੇ ਮੈਂਬਰ ਵੀ ਰਹੇ। ਪੰਜਾਬ ਵਿਧਾਨ ਸਭਾ ਦੇ ਪਹਿਲੀ ਵਾਰ 1927 ਵਿੱਚ ਸਮੁੰਦਰੀ ਹਲਕੇ ਤੋਂ ਮੈਂਬਰ ਚੁਣੇ ਗਏ, ਕਈ ਵਾਰ ਮੰਤਰੀ ਰਹੇ ਪਰ ਅੱਜ ਕਿਧਰੇ ਵੀ ਉਨ੍ਹਾਂ ਨੂੰ ਯਾਦ ਨਹੀਂ ਕੀਤਾ ਜਾਂਦਾ।

ਗਿਆਨੀ ਕਰਤਾਰ ਸਿੰਘ ਜੀ 10 ਜੂਨ 1974 ਵਿੱਚ ਕਈ ਮਹੀਨੇ ਪਟਿਆਲਾ ਹਸਪਤਾਲ ਵਿੱਚ ਬੀਮਾਰ ਰਹਿਣ ਪਿੱਛੋਂ ਸੁਰਗਵਾਸ ਹੋਏ ਤਾਂ ਇਨ੍ਹਾਂ ਦਾ ਸਸਕਾਰ ਟਾਂਡੇ ਵਿੱਚ ਕੀਤਾ ਗਿਆ। ਮੈਨੂੰ ਯਾਦ ਹੈ ਕਿ ਗਿਆਨੀ ਜ਼ੈਲ ਸਿੰਘ ਜੀ ਉਸ ਵੇਲੇ ਮੁੱਖ ਮੰਤਰੀ ਸਨ। ਉਨ੍ਹਾਂ ਦੀ ਗਿਆਨੀ ਕਰਤਾਰ ਸਿੰਘ ਨਾਲ ਖਿਆਲਾਂ ਦੀ ਸਾਂਝ ਨਹੀਂ ਸੀ ਬਣਦੀ, ਇਕ ਦੂਸਰੇ ਦੇ ਉਹ ਵਿਰੋਧੀ ਰਹੇ ਸਨ। ਗਿਆਨੀ ਜੀ ਨੇ ਹਸਪਤਾਲ ਦਾ ਸਾਰਾ ਖਰਚਾ ਪੰਜਾਬ ਸਰਕਾਰ ਤੋਂ ਦਿੱਤਾ। ਮੈਂ ਗਿਆਨੀ ਜ਼ੈਲ ਸਿੰਘ ਜੀ ਨਾਲ ਭੋਗ ਤੇ, ਜੋ 17 ਜੂਨ 1974 ਨੂੰ ਟਾਂਡਾ ਕਾਲਜ ਦੀ ਗਰਾਊਂਡ ਵਿੱਚ ਪਾਇਆ ਗਿਆ ਸ਼ਾਮਿਲ ਹੋਇਆ ਸੀ ਰਸਤੇ ਵਿੱਚ ਜੋ ਸਲਾਹ ਕੀਤੀ ਉਹ ਮੁੱਖ ਮੰਤਰੀ ਜੀ ਨੇ ਸਿਰੇ ਲਾਈ। ਸਰਕਾਰੀ ਕਾਲਜ ਟਾਂਡਾ ਦਾ ਨਾਂ ਗਿਆਨੀ ਕਰਤਾਰ ਸਿੰਘ ਕਾਲਜ ਰੱਖ ਦਿੱਤਾ ਗਿਆ। ਇਹ ਕਮਾਲ ਗਿਆਨੀ ਜ਼ੈਲ ਸਿੰਘ ਹੀ ਕਰ ਸਕਦੇ ਸਨ। ਅੱਜ ਸਾਰੇ ਪੰਜਾਬ ਵਿੱਚ ਕੇਵਲ ਇਹੋ ਹੀ ਇਕੋ ਇਕ ਗਿਆਨੀ ਕਰਤਾਰ ਸਿੰਘ ਦੀ ਸਦੀਵੀ ਯਾਦਗਾਰ ਹੈ। ਗਿਆਨੀ ਜੀ ਦੀ ਕੋਈ ਸੰਤਾਨ ਨਹੀਂ ਸੀ।

ਫਿਰੋਜ਼ਪੁਰ ਜ਼ਿਲੇ ਦੇ ਲੋਕਾਂ ਨੂੰ ਤਾਂ ਗਿਆਨੀ ਕਰਤਾਰ ਸਿੰਘ ਜੀ ਦੀ ਫੋਟੋ ਘਰ ਘਰ ਲਾਉਣੀ ਚਾਹੀਦੀ ਹੈ ਕਿਉਂ ਜੋ ਰੈਡਕਿਲਫ ਕਮਿਸ਼ਨ ਨੇ ਪੰਜਾਬ ਦੀ ਵੰਡ ਸਮੇਂ ਜ਼ੀਰਾ ਤੇ ਫਿਰੋਜ਼ਪੁਰ ਨੂੰ ਪਾਕਿਸਤਾਨ ਵਿੱਚ ਸ਼ਾਮਲ ਕੀਤਾ ਸੀ। ਜਦੋਂ ਇਸ ਦੀ ਭਿਣਕ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਨੂੰ ਪਈ ਤਾਂ ਉਹ ਤੁਰੰਤ ਦਿੱਲੀ ਪੁੱਜੇ। ਉਨ੍ਹਾਂ ਨੇ ਮੇਜਰ ਸਕਾਰਟ ਜੋ ਅੰਗਰੇਜ਼ਾਂ ਵੱਲੋਂ ਸਿੱਖਾਂ ਨਾਲ ਲਾਇਜ਼ਨ ਅਫਸਰ ਲਾਇਆ ਗਿਆ ਸੀ, ਉਸ ਰਾਹੀਂ ਉਸ ਵੇਲੇ ਦੇ ਵਾਇਸਰਾਏ, ਲਾਰਡ ਮਾਊਂਟਬੈਟਨ ਤੱਕ ਪਹੁੰਚ ਕੀਤੀ ਅਤੇ ਵਾਇਸਰਾਏ ਦੀ ਸਿਫਾਰਸ਼ ਤੇ ਕਮਿਸ਼ਨ ਨੇ ਆਖਰੀ ਸਮੇਂ ਜ਼ੀਰਾ ਤੇ ਫਿਰੋਜ਼ਪੁਰ ਭਾਰਤ ਵਿੱਚ ਪਾ ਦਿੱਤਾ। ਇਸ ਤਰ੍ਹਾਂ ਹੀ ਗੁਰਦਾਸਪੁਰ ਜ਼ਿਲੇ ਬਾਰੇ ਵੀ ਬੜਾ ਵਿਵਾਦ ਸੀ। ਇਸ ਨੂੰ ਭਾਰਤ ਵਿੱਚ ਰੱਖਣ ਦੀ ਗਿਆਨੀ ਜੀ ਦੀ ਵੱਡੀ ਕਾਮਯਾਬੀ ਹੈ।

ਭਾਰਤ ਦੀ ਵੰਡ ਸਿੱਖਾਂ ਲਈ ਇਕ ਔਖੀ ਘੜੀ ਸੀ। ਕੋਈ ਬਾਂਹ ਨਹੀਂ ਸੀ ਫੜ ਰਿਹਾ। ਮੁਸਲਿਮ ਲੀਗ ਵਾਲੇ ਪਾਕਿਸਤਾਨ ਬਣਾ ਕੇ ਸਾਰੇ ਪੰਜਾਬ ਨੂੰ ਹੱੜਪ ਕਰਨਾ ਚਾਹੁੰਦੇ ਸਨ। ਕਾਂਗਰਸ ਛੇਤੀ ਰਾਜ ਕਰਨ ਦੀ ਲਾਲਸਾ ਵਿੱਚ ਅੰਨ੍ਹੀ ਹੋ ਕੇ ਮੁਲਕ ਦੀ ਵੰਡ ਨੂੰ ਮੰਨ ਚੁੱਕੀ ਸੀ। ਉਸ ਵੇਲੇ ਕਰਿਪਸ ਮਿਸ਼ਨ ਤੋਂ ਲੈ ਕੇ ਜੋ ਜੋ ਘਟਨਾਵਾਂ ਹੋਈਆਂ ਉਹਨਾਂ ਸਾਰੀਆਂ ਵਿੱਚ ਸਭ ਤੋਂ ਵੱਧ ਰੋਲ ਗਿਆਨੀ ਕਰਤਾਰ ਸਿੰਘ ਜੀ ਦਾ ਸੀ।

ਹਰ ਨਵੀਂ ਸਕੀਮ ਚਾਹੇ ਉਹ ਅਜ਼ਾਦ ਪੰਜਾਬ ਜਾਂ ਸਿੱਖ ਸਟੇਟ ਦੀ ਹੋਵੇ ਉਸ ਦੀ ਸਾਰੀ ਵਿਉਂਤ ਉਹ ਹੀ ਕਰਦੇ ਸਨ। ਉਸ ਵੇਲੇ ਸਿੱਖਾਂ ਦਾ ਹਿੰਦੁਸਤਾਨ ਨਾਲ ਜਾਣ ਦਾ ਫੈਸਲਾ ਕਰਨ ਵਿੱਚ, ਸਮੁੱਚੀ ਸਿੱਖ ਲੀਡਰਸ਼ਿਪ ਨੂੰ ਇੱਕਠਾ ਕਰਨਾ ਗਿਆਨੀ ਜੀ ਦਾ ਹੀ ਕੰਮ ਸੀ।

1946 ਵਿੱਚ ਜਦੋਂ ਸ੍ਰ: ਬਲਦੇਵ ਸਿੰਘ ਨੂੰ ਪੰਜਾਬ ਦੇ ਮੰਤਰੀ ਤੋਂ ਉਠਾ ਕੇ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਬਣਾਇਆ ਤਾਂ ਉਸ ਦੀ ਥਾਂ ਇਕ ਅਕਾਲੀ ਵਜ਼ੀਰ ਬਣਾਉਣਾ ਸੀ। ਸਾਰੀ ਪਾਰਟੀ ਨੇ ਗਿਆਨੀ ਕਰਤਾਰ ਸਿੰਘ ਦਾ ਨਾਂ ਪਾਸ ਕੀਤਾ। ਪਰ ਗਿਆਨੀ ਜੀ ਨੇ ਫ਼ਕੀਰ ਬਾਦਸ਼ਾਹ ਬਣਕੇ ਦਿਖਾਇਆ ਅਤੇ ਆਪਣੀ ਥਾਂ ਸ੍ਰ:ਸਵਰਨ ਸਿੰਘ ਨੂੰ ਵਜ਼ੀਰ ਬਣਵਾ ਦਿੱਤਾ। ਅੱਜ ਕੋਈ ਇਹੋ ਜਿਹੀ ਕੁਰਬਾਨੀ ਕਰਨ ਵਾਲਾ ਨਜ਼ਰ ਨਹੀਂ ਆਉਂਦਾ।

ਵੰਡ ਸਮੇਂ ਗਿਆਨੀ ਜੀ ਆਪ ਜਥਿਆਂ ਨੂੰ ਨਾਲ ਲੈ ਕੇ ਆਏ। ਲੱਖਾਂ ਸਿੱਖਾਂ ਨੂੰ ਲਿਆ ਕੇ ਮੁੜ ਭਾਰਤ ਵਿੱਚ ਵਸਾਉਣ ਲਈ ਸਭ ਤੋਂ ਵੱਧ ਹਿੱਸਾ ਪਾਇਆ। ਸ਼ਿਮਲਾ ਉਸ ਵੇਲੇ ਪੰਜਾਬ ਦੀ ਰਾਜਧਾਨੀ ਸੀ। ਗਿਆਨੀ ਕਰਤਾਰ ਸਿੰਘ ਜੀ ਦੀ ਕੋਠੀ ਅਕਾਲੀਆਂ ਦਾ ਮਹਿਮਾਨ ਘਰ ਬਣਿਆ ਅਤੇ ਨੀਲੀਆਂ ਪੱਗਾਂ ਮਾਲ ਰੋਡ ਤੇ ਚਮਕਣ ਲੱਗੀਆਂ। ਗਿਆਨੀ ਜੀ ਬਾਰੇ ਉਨ੍ਹਾਂ ਦਿਨਾਂ ਵਿੱਚ ਚੁਟਕਲੇ ਕਹੇ ਗਏ। ਗਿਆਨੀ ਜੀ ਕਮੀਜ਼ ਪਜਾਮੇ ਵਿੱਚ ਹੀ ਰਹਿੰਦੇ ਸਨ। ਕਈ ਵਾਰੀ ਕੇਵਲ ਕਮੀਜ਼ ਕਛਹਿਰੇ ਵਿੱਚ ਵੀ ਵਿਧਾਨ ਸਭਾ ਵਿੱਚ ਆ ਜਾਂਦੇ ਸਨ। ਇਕ ਵਾਰੀ ਪੰਜਾਬ ਵਿਧਾਨ ਸਭਾ ਵਿੱਚ ਬੀਬੀ ਸ਼ਨੋ ਦੇਵੀ, ਵਿਧਾਇਕ ਨੇ ਇਤਰਾਜ਼ ਕੀਤਾ ਕਿ ਉਨ੍ਹਾਂ ਦੀ ਪੁਸ਼ਾਕ ਠੀਕ ਨਹੀਂ। ਉਨ੍ਹਾਂ ਉਤਰ ਦਿੱਤਾ ਕਿ ਬੀਬੀ ਜੀ ਨੇ ਇਹ ਨਹੀਂ ਦੇਖਿਆ ਕਿ ਮੈਂ ਸਿੱਖਾਂ ਵਾਲੀ ਪੁਸ਼ਾਕ ਵਿੱਚ ਹਾਂ। ਸਿੱਖਾਂ ਦੀ ਪੂਰੀ ਪੁਸ਼ਾਕ ਲੰਮਾ ਕਛਹਿਰਾ ਤੇ ਕਮੀਜ਼ ਹੀ ਹੈ।

ਗਿਆਨੀ ਜੀ ਦਾ ਕੰਮ ਕਰਵਾਉਣ ਦਾ ਢੰਗ ਆਪਣਾ ਹੀ ਸੀ। ਮੰਤਰੀ ਹੁੰਦੇ ਹੋਏ ਉਹ ਕਿਸੇ ਦਾ ਕੰਮ ਕਰਵਾਉਣ ਲਈ ਅਫਸਰਾਂ ਦੇ ਘਰ ਵੀ ਚਲੇ ਜਾਂਦੇ ਸਨ।

ਗਿਆਨੀ ਜੀ ਨੇ ਦੇਸ਼ ਦੀ ਵੰਡ ਤੋਂ ਪਿੱਛੋਂ ਗਿਆਨੀ-ਸੱਚਰ ਫਾਰਮੂਲਾ ਲਿਆਂਦਾ ਜਿਸ ਰਾਹੀਂ ਪੰਜਾਬੀ ਤੇ ਹਿੰਦੀ ਰੀਜ਼ਨ ਮਿਥੇ ਗਏ ਅਤੇ ਇਸੇ ਆਧਾਰ ਤੇ ਪੰਜਾਬੀ ਸੂਬੇ ਦੀ ਨੀਂਹ ਰੱਖੀ ਗਈ। ਗਿਆਨੀ ਜੀ ਹਮੇਸ਼ਾ ਸਿੱਖਾਂ ਲਈ ਸੋਚਦੇ ਸਨ। ਉਹ ਆਪਣਾ ਸਭ ਕੁੱਝ ਵਾਰ ਕੇ ਪੰਥ ਦੀ ਬੇਹਤਰੀ ਲਈ ਵਚਨਬੱਧ ਸਨ। ਪਾਰਟੀਆਂ ਬਦਲੀਆਂ, ਲੀਡਰ ਬਦਲੇ ਪਰ ਹਮੇਸ਼ਾ ਸਿੱਖ ਪੰਥ ਦੇ ਭਲੇ ਲਈ।

ਗਿਆਨੀ ਕਰਤਾਰ ਸਿੰਘ ਨੇ ਆਲ ਇੰਡੀਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਬੁਨਿਆਦ ਰੱਖੀ। ਬੜੇ ਨੌਜਵਾਨਾਂ ਨੂੰ ਅਕਾਲੀ ਪਾਰਟੀ ਵਿੱਚ ਲਿਆਂਦਾ। ਕਈ ਲੀਡਰ ਪੈਦਾ ਕੀਤੇ। ਸ੍ਰ: ਪ੍ਰਕਾਸ਼ ਸਿੰਘ ਬਾਦਲ, ਸ੍ਰ: ਬਲਦੇਵ ਸਿੰਘ, ਸ੍ਰ: ਉਮਰਾਓ ਸਿੰਘ, ਸ੍ਰ: ਸਰੂਪ ਸਿੰਘ, ਸ੍ਰ: ਅਮਰ ਸਿੰਘ ਅੰਬਾਲਵੀ, ਸ੍ਰ: ਭਾਨ ਸਿੰਘ ਆਦਿ ਉਹਨਾਂ ਦੀ ਪ੍ਰੇਰਨਾ ਨਾਲ ਹੀ ਸਿਆਸਤ ਵਿੱਚ ਆਏ।

ਰੋਜ਼ਾਨਾ ਅਜੀਤ ਅਖ਼ਬਾਰ ਉਰਦੂ ਵਿੱਚ ਲਾਹੌਰ ਤੋਂ ਸ਼ੁਰੂ ਕਰਵਾਣ ਦਾ ਸਿਹਰਾ ਵੀ ਗਿਆਨੀ ਜੀ ਨੂੰ ਜਾਂਦਾ ਹੈ।

ਅੱਜ ਕੌਮ ਨੂੰ ਇਹੋ ਜਿਹੇ ਰੋਸ਼ਨ ਦਿਮਾਗ ਤੇ ਸੱਚੇ ਪੰਥ ਸੇਵਕ ਦੀ ਬਹੁਤ ਭਾਰੀ ਲੋੜ ਹੈ।





# ਮਾਨਵ ਸੇਵਾ ਦੇ ਖੇਤਰ ਵਿੱਚ ਚੀਫ਼ ਖ਼ਾਲਸਾ ਦੀਵਾਨ ਦੇ ਹੋਮਿਓਪੈਥੀ ਸੈਂਟਰ ਬਾਰੇ

**ਡਾ: ਬੇਲਾ ਕੌਰ ਢਿੱਲੋਂ ਅਤੇ ਡਾ: ਨਰਿੰਦਰਾ ਕੌਰ ਦੀ ਡਾ: ਸਾਬਰ ਅਤੇ ਪੀ.ਆਰ.ਓ ਮਨਜੀਤ ਕੌਰ ਨਾਲ ਭੇਂਟ ਵਾਰਤਾ**



(ਸਿੱਖ ਕੌਮ ਦੀ ਸਿੱਖੀ ਸਿੱਖਿਆ ਦੇ ਖੇਤਰ ਵਿੱਚ ਮਲਾਂ ਮਾਰਨ ਵਾਲੀ ਪ੍ਰਾਚੀਨ ਸੰਸਥਾ, ਚੀਫ਼ ਖ਼ਾਲਸਾ ਦੀਵਾਨ ਦੇ ਮੋਢੀਆਂ ਦੀ ਮਾਨਵਵਾਦੀ ਸੋਚ ਦੇ ਸਨਮੁਖ ਦੀਵਾਨ ਨੇ ਮਾਨਵ-ਸੇਵਾ ਦੇ ਖੇਤਰ ਵਿੱਚ ਵੀ ਬਹੁਤ ਮਹੱਤਵਪੂਰਨ ਕਾਰਜ ਆਰੰਭ ਕੀਤੇ ਹੋਏ ਹਨ ਜਿਨ੍ਹਾਂ ਬਾਰੇ ਇਕ ਇਕ ਕਰਕੇ ਅਸੀਂ ਪਾਠਕਾਂ ਨੂੰ ਜਾਣੂੰ ਕਰਾਉਣ ਲਈ ਇਹ ਨਵਾਂ ਫੀਚਰ ਆਰੰਭ ਕੀਤਾ ਹੈ। ਇਸ ਫੀਚਰ ਦੀ ਆਰੰਭਤਾ ਅਸੀਂ ਸਰੀਰ ਨਾਲ ਸੰਬੰਧਤ ਮਾਨਵ-ਸੇਵਾ ਦੀ ਮਹੱਤਵਪੂਰਨ ਦੀਵਾਨ ਵਲੋਂ ਚਲਾਏ ਜਾ ਰਹੇ ਫਿਜੀਓਥੈਰੇਪੀ ਅਤੇ ਡੈਂਟਲ ਸੈਂਟਰ ਬਾਰੇ ਪਿਛਲੇ ਜੁਲਾਈ ਤੇ ਅਗਸਤ ਦੇ ਅੰਕਾਂ ਵਿੱਚ ਜਾਣਕਾਰੀ ਦਿੱਤੀ ਸੀ। ਹੁਣ ਹੱਥਲੇ ਅੰਕ ਵਿੱਚ ਅਸੀਂ ਆਪਣੇ ਪਾਠਕਾਂ ਨਾਲ ਹੋਮਿਓਪੈਥੀ ਸੈਂਟਰ ਬਾਰੇ ਜਿਸਦੀ ਨੀਂਹ ਪ੍ਰਸਿੱਧ ਮਹਾਂਪੁਰਸ਼ ਸੰਤ ਸੰਗਤ ਸਿੰਘ ਜੀ (ਕਮਾਲੀਏ) ਵਾਲਿਆ ਨੇ ਆਪਣੇ ਕਰ ਕਮਲਾਂ ਨਾਲ ਮਿਤੀ 20-11-1944 ਨੂੰ ਚੀਫ਼ ਖ਼ਾਲਸਾ ਦੀਵਾਨ ਵਿੱਚ ਰੱਖੀ। ਦੀਵਾਨ ਦੀ ਇਸ ਹੋਮਿਓਪੈਥੀ ਡਿਸਪੈਂਸਰੀ ਨੂੰ ਚਲਾਉਣ ਵਿੱਚ ਡਾ:ਤਰਸੇਮ ਸਿੰਘ ਜੀ ਦਾ ਵੱਡਮੁਲਾ ਯੋਗਦਾਨ ਹੈ। ਡਾਕਟਰ ਸਾਹਿਬ ਇਸ ਡਿਪੈਂਸਰੀ ਵਿੱਚ ਬਹੁਤ ਲੰਮੇ ਸਮੇਂ ਤੱਕ ਕਾਰਜ ਕਰਦੇ ਰਹੇ ਜਿੰਨਾਂ ਕੋਲ ਦੂਰੋ ਨੇੜੀਓਂ ਮਰੀਜ਼ ਵੱਡੀ ਗਿਣਤੀ ਵਿੱਚ ਆਪਣਾ ਇਲਾਜ਼ ਕਰਾਉਣ ਲਈ ਆਇਆ ਕਰਦੇ ਸਨ।







**ਡਾ. ਸੈਮੂਅਲ**



**ਡਾ: ਤਰਸੇਮ ਸਿੰਘ**

ਪਾਠਕਾਂ ਦੀ ਜਾਣਕਾਰੀ ਹਿਤ ਇਹ ਦੱਸਣਾ ਉਚਿਤ ਲਗਦਾ ਹੈ ਕਿ ਮਨੁੱਖਤਾ ਦੀ ਸੇਵਾ ਨੂੰ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਮੋਜੂਦਾ ਪ੍ਰਧਾਨ ਸ੍ਰ:ਨਿਰਮਲ ਸਿੰਘ, ਸਰਪਰਸਤ ਸ੍ਰ:ਰਾਜਮੋਹਿੰਦਰ ਸਿੰਘ ਮਜੀਠਾ, ਆਨਰੇਰੀ ਸਕੱਤਰ ਸ੍ਰ:ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ:ਅਜੀਤ ਸਿੰਘ ਬਸਰਾ , ਮੀਤ ਪ੍ਰਧਾਨ ਡਾ:ਇੰਦਰਬੀਰ ਸਿੰਘ ਨਿੱਜਰ ਅਤੇ ਸ੍ਰ:ਅਮਰਜੀਤ ਸਿੰਘ ਬਾਂਗਾ ਅਤੇ ਮੈਂਬਰ ਇੰਚਾਰਜ ਸ੍ਰ:ਜਸਪਾਲ ਸਿੰਘ ਢਿੱਲੋਂ ਆਨਰੇਰੀ ਐਡੀਸ਼ਨਲ ਸਕੱਤਰ ਦੀ ਰਹਿਨੁਮਾਈ ਹੇਠ ਦੀਵਾਨ ਵਲੋਂ ਫਿਜੀਓਥੈਰੇਪੀ ਵਿੰਗ, ਡੈਂਟਲ ਵਿੰਗ, ਹੋਮਿਓਪੈਥੀ ਅਤੇ ਐਕਸਰੇ ਪਲਾਂਟ ਦੀਆਂ ਸੇਵਾਵਾਂ ਮੁੜ ਸ਼ੁਰੂ ਕਰਨਾ ਇਕ ਸਾਰਥਿਕ ਅਤੇ ਵੱਡਮੁੱਲਾ ਉਪਰਾਲਾ ਆਖਿਆ ਜਾ ਸਕਦਾ ਹੈ। ਇਹ ਠੀਕ ਹੈ ਕਿ ਸਾਲ 2020-21 ਦੌਰਾਨ ਕੋਰੋਨਾ ਕਾਲ ਵਿੱਚ ਮਜ਼ਬੂਰਨ ਇਹ ਸੇਵਾਵਾਂ ਬੰਦ ਕਰਨੀਆ ਪਈਆਂ ਸਨ ਪਰ ਹੁਣ ਦੀਵਾਨ ਦੇ ਮੌਜੂਦਾ ਅਧਿਕਾਰੀਆਂ ਵਲੋਂ ਮਾਨਵ-ਸੇਵਾ ਨਾਲ ਸੰਬੰਧਤ ਸਿਹਤ ਸੇਵਾਵਾਂ ਦਾ ਨਵੀਨੀਕਰਣ ਕਰਦਿਆਂ ਇਹਨਾਂ ਨੂੰ ਨਵੀਆਂ ਮਸ਼ੀਨਾਂ, ਮਾਹਿਰ ਡਾਕਟਰਾਂ ਅਤੇ ਤਜਰਬੇਕਾਰ ਸਟਾਫ ਨਾਲ ਦੀਵਾਨ ਦੇ ਮੇਨ ਕੈਂਪਸ ਜੀ.ਟੀ.ਰੋਡ ਅੰਮ੍ਰਿਤਸਰ ਵਿਖੇ ਮੁੜ ਆਰੰਭ ਕਰ ਦਿੱਤਾ ਗਿਆ ਹੈ। ਜਿਸਦਾ ਮਿਤੀ 28 ਜੂਨ 2021 ਨੂੰ ਦੀਵਾਨ ਦੇ ਪ੍ਰਧਾਨ ਸ੍ਰ:ਨਿਰਮਲ ਸਿੰਘ ਆਪਣੇ ਸਾਥੀ ਅਹੁਦੇਦਾਰਾਂ ਅਤੇ ਮੈਂਬਰ ਇੰਚਾਰਚ ਡਾ:ਇੰਦਰਬੀਰ ਸਿੰਘ ਨਿੱਜਰ ਅਤੇ ਸ੍ਰ:ਜਸਪਾਲ ਸਿੰਘ ਢਿੱਲੋਂ ਅਤੇ ਉਹਨਾਂ ਦੀ ਟੀਮ ਨੇ ਮੂਲ ਮੰਤਰ ਦਾ ਪਾਠ ਕਰਨ ਉਪਰੰਤ ਬਕਾਇਦਾ ਉਦਘਾਟਨ ਕੀਤਾ। ਹੁਣ ਇਹ ਤਿੰਨੇ ਸੈਂਟਰ ਬੜ੍ਹੀ ਸਫ਼ਲਤਾ ਨਾਲ ਚਲਦਿਆਂ ਆਉਣ ਵਾਲੇ ਮਰੀਜ਼ਾਂ ਦੀ ਅਨੁਕੂਲ ਸੇਵਾ ਕਰ ਰਹੇ ਹਨ **-ਸੰਪਾਦਕ**)



**ਡਾ.ਬੇਲਾ ਕੌਰ**

**ਪ੍ਰਸ਼ਨ:- ਡਾ:ਸਾਹਿਬਾਨ ਤੁਸੀਂ ਦੋਵੇਂ ਆਪਣੇ ਪਰਿਵਾਰਕ ਪਿਛੋਕੜ ਅਤੇ ਹੋਮਿਓਪੈਥੀ ਨਾਲ ਜੁੜਨ ਦੀ ਦਿਲਚਸਪੀ ਬਾਰੇ ਸਾਡੇ ਪਾਠਕਾਂ ਨੂੰ ਦੱਸੋ?**

ਉਤਰ:- **ਡਾ:ਬੇਲਾ ਕੌਰ ਢਿੱਲੋਂ :-** ਮੇਰਾ ਜਨਮ ਅਤੇ ਸਕੂਲੀ ਸਿੱਖਿਆ ਦਿੱਲੀ ਵਿੱਚ ਹੋਇਆ ਹੈ। ਮੇਰੇ ਪਿਤਾ ਸ੍ਰ:ਗੁਰਨਾਮ ਸਿੰਘ ਜੀਸੁਪਰੀਮ ਕੋਰਟ (ਦਿੱਲੀ) ਦੇ ਵਕੀਲ ਸਨ ਅਤੇ ਹੈਮਿਓਪੈਥੀ ਪ੍ਰਣਾਲੀ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਹਨਾਂ ਨੇ ਮੈਨੂੰ ਹੈਮਿਓਪੈਥੀ ਡਾਕਟਰ ਬਨਣ ਲਈ ਪ੍ਰੇਰਿਤ ਕੀਤਾ। ਮੈਂ ਆਪਣੀ ਨ.ਝਛ ਣਕਪਗਕਕ ਢ਼ਹ਼ਤਵ਼ੀਅ .ਰਠਕਰਬ਼ਵੀਜਫ ਙਰ;;ਕਪਕ, ਏ਼ਜਬਚਗ ਤੋਂ 1990 ਵਿੱਚ ਮੁਕੰਮਲ ਕੀਤੀ। ਇਹ ਕਾਲਜ ਹੁਣ ਭਾਰਤ ਦੀ ਪਹਿਲੀ ਇਕ ਮਾਤਰ ਹੋਮਿਓਪੈਥੀ ਯੂਨੀਵਰਸਿਟੀ ਬਣ ਗਈ ਹੈ। ਮੇਰੇ ਸੋਹਰਾ ਸਾਹਿਬ ਡਾ.ਜਮੀਅਤ ਸਿੰਘ ਜੀ ਹੋਮਿਓਪੈਥੀ ਦੇ ਇਕ ਕਾਬਿਲ ਅਤੇ ਮਸ਼ਹੂਰ ਡਾਕਟਰ ਸਨ। ਉਹਨਾਂ ਕੋਲ ਹੋਮਿਓਪੈਥੀ ਦੀਆਂ ਕਿਤਾਬਾਂ ਅਤੇ ਦਵਾਈਆਂ ਦਾ ਦੁਰਲੱਭ ਸੰਗ੍ਰੈਹਿ ਸੀ ਜਿਸ ਤੋਂ ਮੈਨੂੰ ਬਹੁਤ ਸਿਖਣ ਨੂੰ ਮਿਲਿਆ। ਮੇਰੇ ਪਤੀ ਸ੍ਰ:ਰਣਧੀਰ ਸਿੰਘ ਏਅਰਇੰਡੀਆਂ ਤੋਂ ਏਅਰਪੋਰਟ ਮੈਨੇਜਰ ਰਿਟਾਇਰ ਹੋ ਚੁੱਕੇ ਹਨ। ਮੇਰੀ ਬੇਟੀ ਅਮਰੀਕਾ ਵਿਖੇ ਕੰਪਿਊਟਰ ਸਾਇੰਸ ਵਿੱਚ ਪੀਐਚ.ਡੀ ਕਰ ਰਹੀ ਹੈ ਅਤੇ ਬੇਟਾ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਬੀ.ਟੈਕ ਕਰ ਰਿਹਾ ਹੈ।

**ਡਾ:ਬੇਲਾ ਜੀ ਤੁਸੀ ਇਹ ਵੀ ਦੱਸੋਂ ਕਿ ਤੁਸੀ ਇਸ ਕਿਤੇ ਵਿੱਚ ਪ੍ਰਵੇਸ਼ ਕਦੋਂ ਕੀਤਾ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਇਸ ਸੈਂਟਰ ਵਿੱਚ ਕਦੋਂ ਸੇਵਾ ਆਰੰਭ ਕੀਤੀ?**

ਮੈਂ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੋਸਾਇਟੀ ਵਿੱਚ ਸਾਲ 2016 ਵਿੱਚ ਆਈ ਸੀ ਇਸ ਤੋਂ ਪਹਿਲਾਂ ਮੈਂ ਆਪਣੇ ਨਿੱਜੀ ਕਲੀਨਿਕ ਤੋਂ ਇਲਾਵਾ ਹੋਰ ਵੀ ਕਈ ਚੈਰੀਟੇਬਲ ਹਸਪਤਾਲਾਂ ਵਿੱਚ ਆਪਣੀਆਂ ਸੇਵਾਵਾਂ ਦਿਤੀਆਂ ਹਨ ਜਿੰਨਾਂ ਵਿੱਚ ਭਾਈ ਘਨਈਆ ਜੀ ਮਿਸ਼ਨ ਚੈਰੀਟੇਬਲ ਸੋਸਾਇਟੀ ਅਤੇ ਸ੍ਰੀ ਰਘੂਨਾਥ ਮੰਦਿਰ ਆਦਿ ਸ਼ਾਮਿਲ ਹਨ। ਚੀਫ਼ ਖ਼ਾਲਸਾ ਦੀਵਾਨ ਹਸਪਤਾਲ ਵਿੱਚ ਆਪਣੇ 5 ਸਾਲ ਦੇ ਤਜ਼ਰਬੇ ਵਿੱਚ ਮੈਨੂੰ ਵੱਖ ਵੱਖ ਤਰ੍ਹਾਂ ਦੀਆਂ ਬੀਮਾਰੀ ਦਾ ਸਫ਼ਲ ਇਲਾਜ ਕਰਨ ਦਾ ਮੋਕਾ ਮਿਲਿਆ। ਮੇਰੀ ਪਰਮਾਤਮਾ ਅਗੇ ਇਹੋ ਅਰਦਾਸ ਹੈ ਕਿ ਮੈ ਰੋਗੀਆਂ ਦੇ ਦੁੱਖ ਦੂਰ ਕਰਦੀ ਰਹਾਂ ਤੇ ਲੋੜਮੰਦਾਂ ਦੀ ਸੇਵਾ ਕਰਦੀ ਰਹਾ।



ਡਾ. ਨਰਿੰਦਰਾ ਕੌਰ

**ਡਾ:ਨਰਿੰਦਰਾ ਕੌਰ–** ਮੇਰਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੀ ਪਾਵਨ ਨਗਰੀ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ ਹੈ। ਮੇਰੇ ਪਿਤਾ ਸ੍ਰ:ਸਵਰਨ ਸਿੰਘ ਜੀ ਸੰਧੂ ਇਕ ਜਿੰਮੀਦਾਰ ਹਨ ਅਤੇ ਮਾਤਾ ਸ੍ਰੀਮਤੀ ਇੰਦਰਪ੍ਰੀਤ ਕੋਰ ਇਕ ਘਰੇਲੂ ਇਸਤਰੀ ਹਨ। ਮੇਰੇ ਦਾਦਾ ਜੀ ਫਰੀਡਮ ਫਾਈਟਰ ਸਨ ਜਿੰਨਾਂ ਸੁਭਾਸ਼ ਚੰਦਰ ਬੋਸ ਨਾਲ ਮਿਲ ਕੇ ਦੇਸ਼ ਦੀ ਅਜ਼ਾਦੀ ਦੀ ਲੜਾਈ ਲੜੀ। ਮੇਰੇ ਪਤੀ ਸ੍ਰ:ਅੰਮ੍ਰਿਤਪਾਲ ਸਿੰਘ ਭੁੱਲਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਤੌਰ ਸਹਾਇਕ ਸੂਚਨਾ ਅਧਿਕਾਰੀ ਦੇ ਪੱਦ ਤੇ ਨਿਯੁਕਤ ਹਨ।

**ਤੁਸੀ ਸਾਡੇ ਪਾਠਕਾਂ ਨੂੰ ਇਹ ਵੀ ਦੱਸੋਂ ਕਿ ਤੁਸੀ ਇਸ ਪੇਸ਼ੇ ਦੀ ਆਰੰਭਤਾ ਕਿਵੇਂ ਕੀਤੀ?** ਮੇਰਾ ਸੁਪਨਾ ਹੈ ਕਿ ਮੈਂ ਇਕ ਚੰਗੀ ਤੇ ਨੇਕ ਡਾਕਟਰ ਬਣਾ ਅਤੇ ਸਮਾਜ ਦੀ ਸੇਵਾ ਕਰ ਸਕਾ।ਮੈਂ ਆਪਣੀ ਮੁੱਢਲੀ ਵਿਦਿਆ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਅਤੇ ਹੋਮਿਓਪੈਥੀ ਵਿੱਚ ਗ੍ਰੈਜੂਏਸ਼ਨ ਸਾਲ 2009 ਵਿੱਚ ਕਲਿਆਣ ਹੋਮਿਓਪੈਥੀ ਮੈਡੀਕਲ ਕਾਲਜ ਤਰਨਤਾਰਨ ਤੋ ਕੀਤੀ ਉਪਰੰਤ ਸਾਲ 2009 ਤੋਂ 2016 ਤੱਕ ਆਪਣੀ ਕਲੀਨਿਕ ਵਿੱਚ ਪ੍ਰੈਕਟਿਸ ਕੀਤੀ। ਸਾਲ 2017 ਨੂੰ ਮੈਨੂੰ ਚੀਫ਼ ਖ਼ਾਲਸਾ ਦੀਵਾਨ ਦੇ ਹੋਮਿਓਪੈਥੀ ਵਿੰਗ ਵਿੱਚ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਮੇਰਾ ਹੋਮਿਓਪੈਥੀ ਵੱਲ ਰੁਝਾਨ ਹੋਮਿਓਪੈਥੀ ਦਵਾਈਆਂ ਦੀਆਂ ਲਾਹੇਵੰਦ ਵਿਸ਼ੇਸਤਾਵਾਂ ਦੀ ਖਿਚ ਕਰਕੇ ਹੋਇਆ।ਕਈ ਸਾਲ ਪਹਿਲਾਂ ਮੈਂ ਹਰ ਵੇਲੇ ਰਹਿਣ ਵਾਲੇ ਜੁਕਾਮ ਕਾਰਨ ਬਹੁਤ ਪਰੇਸ਼ਾਨ ਰਹਿੰਦੀ ਸੀ ਪ੍ਰੰਤੂ ਜਦੋਂ ਹੋਮਿਓਪੈਥੀ ਦਵਾਈ ਨਾਲ ਮੈਂ ਪੱਕੇ ਤੌਰ ਤੇ ਬਗੈਰ ਕਿਸੇ ਨੁਕਸਾਨ ਦੇ ਇਸ ਰੋਗ ਤੋਂ ਛੁਟਕਾਰਾ ਪਾਇਆ ਤਾਂ ਮੇਰੀ ਹੋਮਿਓਪੈਥੀ ਪ੍ਰਣਾਲੀ ਪ੍ਰਤੀ ਦਿਲਚਸਪੀ ਵੱਧ ਗਈ ਅਤੇ ਮੈਂ ਇਸ ਬਾਰੇ ਅਧਿਐਨ ਕਰਨਾ ਸੁਰੂ ਕਰ ਦਿੱਤਾ ਅਤੇ ਬਕਾਇਦਾ ਮੈਂ ਹੋਮਿਓਪੈਥੀ ਬੀ.ਐਚ.ਐਮ.ਐਸ ਦੀ ਡਿਗਰੀ ਪ੍ਰਾਪਤ ਕੀਤੀ।

**ਪ੍ਰਸ਼ਨ:– ਡਾ:ਸਾਹਿਬਾਨ ਤੁਸੀ ਸਾਡੇ ਪਾਠਕਾਂ ਨੂੰ ਇਹ ਦਸੋਂ ਕਿ ਹੋਮਿਓਪੈਥੀ ਪ੍ਰਣਾਲੀ ਆਰੰਭ ਕਿਵੇਂ ਹੋਈ?**

ਉਤਰ:– ਹੋਮਿਓਪੈਥੀ ਦੀ ਸੁਰੂਆਤ ਸੰਨ 1790 ਵਿੱਚ ਜਰਮਨ ਡਾਕਟਰ ਸੈਮੂਅਲ ਹੈਲੀਮੈਨ ਵੱਲੋਂ ਕੀਤੀ ਗਈ ਜੋ ਖੁਦ ਐਲੋਪੈਥੀ ਦੇ ਬਹੁਤ ਹੀ ਪ੍ਰਸਿੱਧ ਡਾਕਟਰ ਸਨ। ਮੰਨਿਆ ਜਾਂਦਾ ਹੈ ਕਿ ਮਲੇਰੀਆ ਬੁਖਾਰ ਲਈ ਵਰਤੀ ਜਾਂਦੀ ਦਵਾਈ 'ਕੁਨੀਨ' ਨੂੰ ਤਿਆਰ ਕਰਨ ਵਾਲੀਆਂ ਜੜੀਆਂ ਬੂਟੀਆਂ ਨੂੰ ਖੁਦ ਖਾਣ ਉਪਰੰਤ ਜੋ ਲੱਛਣ ਦੇਖੇ ਉਹ ਮਲੇਰੀਆ ਬੁਖਾਰ ਠੀਕ ਰਕਨ ਦੇ ਨਾਲ ਪੈਦਾ ਵੀਕ ਰਦੇ ਸਨ। ਡਾ.ਸੈਮੂਅਲ ਨੇ ਇਨ੍ਹਾਂ ਲਛਣਾਂ ਦੇ ਸਨਮੁੱਖ ਮੈਡੀਕਲ–ਖੇਤਰ ਵਿੱਚ ਅਜਿਹੀ ਚਕਿਤਸਕ ਪ੍ਰਣਾਲੀ ਆਰੰਭੀ ਜੋ ਮਰੀਜ ਦੀ ਬੀਮਾਰੀ ਨੂੰ ਜੜੋਂ ਠੀਕ ਕਰਦਿਆਂ ਕੋਈ ਸਾਂਈਡਅਫੈਕਟ ਨਾ ਕਰ ਸਕੇ। ਉਹਨਾਂ ਨੇ ਇਸ ਚਕਿਤਸਕ ਪ੍ਰਣਾਲੀ ਨੂੰ ਹੋਮਿਓਪੈਥੀ ਦਾ ਨਾਮ ਦਿੰਦਿਆਂ ਵਡੀ ਪੱਧਰ ਤੇ ਪ੍ਰਚਾਰਿਆ ਤੇ ਪ੍ਰਸਾਰਿਆ। ਅੱਜ ਇਹ ਹੋਮਿਓਪੈਥੀ ਪ੍ਰਣਾਲੀ ਜਨ ਮਾਨਸ ਵਿੱਚ ਬਹੁਤ ਪ੍ਰਸਿੱਧ ਹੈ ਕਿਉਂਕਿ ਇਹ ਪ੍ਰਣਾਲੀ ਮਰੀਜ਼ ਦੇ ਲਛਣਾਂ ਨੂੰ ਅਨੁਭਵ ਕਰਨ ਉਪਰੰਤ ਉਸਦਾ ਉਪਚਾਰ ਕਰਦੀ ਹੈ।

**ਪ੍ਰਸ਼ਨ:– ਡਾ:ਸਾਹਿਬਾ ਤੁਸੀਂ ਸਾਡੇ ਪਾਠਕਾਂ ਨੂੰ ਦੱਸੋ ਕਿ ਹੋਮਿਓਪੈਥੀ ਨਾਲ ਕਿਹੜੇ–ਕਿਹੜੇ ਰੋਗ ਠੀਕ ਹੁੰਦੇ ਹਨ?**

ਉਤਰ:– ਹੋਮਿਓਪੈਥੀ ਇਕ ਸੰਪੂਰਨ ਚਿਕਿਸਤਕ ਪ੍ਰਣਾਲੀ ਹੈ ਜੋ ਮਨੁੱਖ ਦੀ ਪੈਥੋਲਿਜੀ ਹੀ ਬਦਲ ਦਿੰਦੀ ਹੈ। ਹੋਮਿਓਪੈਥੀ ਪ੍ਰਣਾਲੀ ਵਿੱਚ ਡਾ:ਵੱਲੋਂ ਰੋਗੀ ਦੇ ਲੱਛਣਾਂ ਨੂੰ ਪਹਿਚਾਨਣ ਉਪਰੰਤ ਲੱਛਣਾਂ ਅਨੁਸਾਰ ਦਵਾਈਆਂ ਦੀ ਚੋਣ ਬਹੁਤ ਹੀ ਮੱਹਤਵਪੂਰਨ ਹੈ। ਹੋਮਿਓਪੈਥੀ ਪ੍ਰਣਾਲੀ ਵਿੱਚ ਗੰਭੀਰ ਤੋਂ ਗੰਭੀਰ ਰੋਗਾਂ ਦਾ ਇਲਾਜ ਬਹੁਤ ਹੀ ਸੌਖਾ ਅਤੇ ਸਸਤਾ ਹੋ ਜਾਂਦਾ ਹੈ। ਕੈਂਸਰ, ਗੁਰਦਿਆਂ, ਰਸੋਲੀਆਂ ਵਰਗੀਆਂ ਨਾ–ਇਲਾਜ ਬਿਮਾਰੀਆਂ ਦਾ ਇਲਾਜ ਹੋਮਿਓਪੈਥੀ ਵਿੱਚ ਸੰਭਵ ਹੈ। ਇਥੋਂ ਤੱਕ ਕਿ ਕੋਰੋਨਾ ਅਤੇ ਡੇਗੂੰ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਬਚਾਅ ਹਿੱਤ ਅਤੇ ਇਲਾਜ ਲਈ ਹੋਮਿਓਪੈਥੀ ਬਹੁਤ ਲਾਹੇਵੰਦ ਸਿੱਧ ਹੋ ਰਹੀ ਹੈ। ਇਥੋਂ ਤੱਕ ਕਿ ਹੋਮਿਓਪੈਥੀ ਦਵਾਈਆਂ ਮਾਨਵ ਦੀ ਰੋਗ ਪ੍ਰਤਿਰੋਧਕ ਸਮਰਥਾ ਇਹਨੀ ਵਧਾ ਦਿੰਦੀ ਹੈ ਕਿ ਸਰੀਰ ਆਪਣੇ ਆਪ ਬਿਮਾਰੀ ਖਤਮ ਕਰਨ ਦੇ ਯੋਗ ਬਣ ਜਾਂਦਾ ਹੈ।

**ਪ੍ਰਸ਼ਨ:– ਹੋਮਿਓਪੈਥੀ ਮਾਨਵ ਰੋਗਾਂ ਨੂੰ ਦੂਰ ਕਰਨ ਤੋਂ ਇਲਾਵਾ ਕੀ ਹੋਰਨਾਂ ਜੀਵਾਂ ਲਈ ਵੀ ਵਰਤੀ ਜਾ ਸਕਦੀ ਹੈ?**

ਉਤਰ:– ਬਿਲਕੁਲ, ਹੋਮਿਓਪੈਥੀ ਨਾਲ ਜਿਥੇਂ ਸਰੀਰਕ ਰੋਗ ਦੂਰ ਹੁੰਦੇ ਹਨ ਉਥੇ ਹੋਮਿਓਪੈਥੀ ਦਵਾਈਆਂ ਨਾਲ ਪਸ਼ੂਆਂ ਦੇ ਦੁੱਧ ਦਾ ਉਤਪਾਦਨ ਅਤੇ ਉਹਨਾਂ ਦੀਆਂ ਹੋਰਨਾਂ ਬਿਮਾਰੀਆਂ ਨੂੰ ਵੀ ਠੀਕ ਕਰਨ ਵਿੱਚ ਲਾਹੇਵੰਦ ਸਿੱਧ ਹੁੰਦੀਆਂ ਹਨ। ਇਥੋਂ ਤੱਕ ਕਿ ਬਗੈਰ ਕਿਸੇ ਨੁਕਸਾਨ ਦੇ ਫਸਲਾਂ ਦੇ ਉਤਪਾਦਨ ਨੂੰ ਵਧਾਉਣ ਵਿੱਚ ਵੀ ਹੋਮਿਓਪੈਥੀ ਦਵਾਈਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਪ੍ਰਸ਼ਨ:– ਤੁਸੀਂ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ ਨੂੰ ਕੀ ਕਹਿਣਾ ਚਾਹੋਗੇ?**

ਉਤਰ: ਅਸੀਂ ਲੋਕਾਂ ਨੂੰ ਜਿਆਦਾ ਤੇਜ਼ ਦਵਾਈਆਂ ਨਾ ਖਾਣ ਦੀ ਸਲਾਹ ਦੇਣਾ ਚਾਹੁੰਦੇ ਹਾਂ ਜੋ ਇਕ ਰੋਗ ਨੂੰ ਠੀਕ ਕਰਨ ਦੇ ਨਾਲ–ਨਾਲ ਸਰੀਰ ਵਿੱਚ ਦੂਜੇ ਰੋਗਾਂ ਨੂੰ ਵੀ ਪੈਦਾ ਕਰ ਸਕਦੀਆਂ ਹਨ। ਉਹਨਾਂ ਨੂੰ ਬਿਮਾਰੀ ਠੀਕ ਕਰਨ ਦੇ ਨਾਲ–ਨਾਲ ਇਸ ਦਾ ਜੜ੍ਹ ਤੋਂ ਖਾਤਮਾ ਕਰਨ ਲਈ ਹੋਮਿਓਪੈਥੀ ਪ੍ਰਣਾਲੀ ਜਰੂਰ ਅਪਣਾਉਣੀ ਚਾਹੀਦੀ ਹੈ।

**ਪ੍ਰਸ਼ਨ:– ਅਜੋਕੇ ਸਮੇਂ ਵਿੱਚ ਡਾਕਟਰਾਂ ਦਾ ਰੁਝਾਨ ਮਾਨਵ ਸੇਵਾ ਨਾਲੋ ਪੈਸਾ ਕਮਾਉਣਾ ਵਧੇਰੇ ਬਣਦਾ ਜਾ ਰਿਹਾ ਹੈ ਇਸ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ?**

**ਉਤਰ:– ਸੱਚਾਈ ਇਹ ਹੈ ਕਿ** ਡਾਕਟਰ ਨੂੰ ਰੱਬ ਦਾ ਦੂਸਰਾ ਰੂਪ ਮੰਨਿਆ ਗਿਆ ਹੈ ਜਿੰਨਾਂ ਦੇ ਹੱਥਾਂ ਵਿੱਚ ਮਰੀਜ਼ ਪੂਰੇ ਵਿਸ਼ਵਾਸ ਨਾਲ ਆਪਣੀ ਜਾਨ ਸੌਂਪ ਦਿੰਦਾ ਹੈ। ਇਸ ਲਈ ਡਾਕਟਰਾਂ ਨੂੰ ਪੈਸੇ ਨੂੰ ਤਰਜੀਹ ਨਾ ਦੇ ਕੇ ਸਭ ਤੋਂ ਪਹਿਲਾਂ ਮਾਨਵਤਾ ਦਾ ਧਰਮ ਨਿਭਾਉਣਾ ਚਾਹੀਦਾ ਹੈ ਅਤੇ ਮਰੀਜ਼ ਨੂੰ ਠੀਕ ਕਰਕੇ ਅਸੀਸਾਂ ਲੈਣੀਆਂ ਚਾਹੀਦੀਆਂ ਹਨ ਜੋ ਪੈਸਿਆਂ ਨਾਲੋ ਜਿਆਦਾ ਮੁਲਵਾਨ ਹੁੰਦੀਆਂ ਹਨ। ਸਾਡੇ ਵਿੱਚਾਰ ਅਨੁਸਾਰ ਡਾਕਟਰਾਂ ਨੂੰ ਪੈਸੇ ਬਟੋਰ ਕੇ ਨਹੀਂ ਮਰੀਜ਼ ਨੂੰ ਠੀਕ ਕਰਕੇ ਆਤਮਿਕ ਸਤੁੰਸਟੀ ਦਾ ਅਨੰਦ ਮਾਨਣਾ ਚਾਹੀਦਾ ਹੈ। ਅਸੀਂ ਆਪਣੇ ਸਹਿਕਰਮੀਆਂ ਅਤੇ ਸਟਾਫ਼ ਨਾਲ ਆਪਣੀ ਸੇਵਾ ਨੂੰ ਤਨੋ–ਮਨੋ ਨਿਭਾ ਰਹੇ ਹਾਂ। ਇਸ ਵਕਤ ਸਾਡੇ ਕੋਲ ਮਹੀਨੇ ਵਿੱਚ ਕਰੀਬ ਲਗਭਗ 250 ਮਰੀਜ਼ ਆਪਣਾ ਇਲਾਜ ਕਰਵਾ ਰਹੇ ਹਨ ਅਤੇ ਸਾਡੀਆਂ ਦਵਾਈਆਂ ਵਿਦੇਸ਼ਾਂ ਵਿੱਚ ਰਹਿੰਦੇ ਮਰੀਜ਼ਾਂ ਨੂੰ ਵੀ ਭੇਜੀਆਂ ਜਾਂਦੀਆਂ ਹਨ।





## ਸ੍ਰ. ਭਾਗ ਸਿੰਘ ਅਣਖੀ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸੈਂਟਰਲ ਖ਼ਾਲਸਾ ਯਤੀਮਖਾਨੇ ਵਿੱਚ ਗੁਰਮਤਿ ਸਮਾਗਮ





ਚੀਫ਼ ਖ਼ਾਲਸਾ ਦੀਵਾਨ ਦੇ ਬਾਬਾ ਬੋਹੜ ਜਾਣੇ ਜਾਂਦੇ ਸ੍ਰ.ਭਾਗ ਸਿੰਘ ਅਣਖੀ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਦੇ ਗੁਰਦੁਆਰਾ ਸਾਹਿਬ ਵਿੱਚ ਕਰਵਾਇਆ ਗਿਆ ਜਿਸ ਵਿੱਚ ਭਾਈ ਸਤਨਾਮ ਸਿੰਘ ਘੂਰਾ, ਭਾਈ ਰਜਿੰਦਰ ਸਿੰਘ ਜਾਪ, ਭਾਈ ਬਲਦੇਵ ਸਿੰਘ ਵਡਾਲਾ, ਭਾਈ ਇਕਬਾਲ ਸਿੰਘ ਮਨਾਵਾ, ਸਿੱਖ ਸਦਭਾਵਨਾ ਦਲ ਪ੍ਰੋਫੈਸਰ ਜਗਰੂਪ ਸਿੰਘ ਦੇ ਜੱਥਿਆਂ ਵੱਲੋ ਕੀਰਤਨ ਦੀ ਹਾਜ਼ਰੀ ਭਰੀ ਗਈ। ਇਸ ਮੌਕੇ ਆਸ਼ਰਮ ਵਿੱਚ ਸਥਿਤ ਸ਼ਹੀਦ ਉਧਮ ਸਿੰਘ ਸਕੂਲ ਦੇ ਵਿਦਿਆਰਥੀਆਂ ਵੱਲੋ ਆਪਣੀਆਂ ਕਵਿਤਾਵਾ ਰਾਹੀ ਸ: ਅਣਖੀ ਦੀ ਯਾਦ ਨੂੰ ਤਾਜਾ ਕੀਤਾ। ਚੀਫ ਖ਼ਾਲਸਾ ਦੀਵਾਨ ਆਨਰੇਰੀ ਸਕੱਤਰ ਸ੍ਰ. ਸਵਿੰਦਰ ਸਿੰਘ ਕੱਥੂਨੰਗਲ ਅਤੇ ਸ: ਅਜੀਤ ਸਿੰਘ ਬਸਰਾ, ਮੀਤ ਪ੍ਰਧਾਂਨ ਡਾ:ਇੰਦਰਬੀਰ ਸਿੰਘ ਨਿੱਜਰ, ਪ੍ਰੋ: ਸੂਬਾ ਸਿੰਘ, ਪ੍ਰੋ ਵਰਿਆਮ ਸਿੰਘ, ਡਾ.ਅਮਰਜੀਤ ਸਿੰਘ, ਸੂਰਮਾ ਸਿੰਘ ਭਜੁੰਗੀ ਸਭਾ ਦੇ ਸਰਪ੍ਰਸਤ ਸ: ਸਕੱਤਰ ਸਿੰਘ ਨੇ ਸ: ਅਣਖੀ ਦੀ ਮਹਾਨ ਸ਼ਖਸੀਅਤ ਤੇ ਚਾਨਣਾ ਪਾਉਂਦਿਆ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਤੋਂ ਇਲਾਵਾ ਬੀਬੀ ਭਾਨੀ ਨੇਤਰਹੀਨ ਸੰਸਥਾ ਅਤੇ ਯਤੀਮਖ਼ਾਨਾ ਦੇ ਵਿਦਿਆਰਥੀਆਂ ਵੱਲੋਂ ਵੀ ਸ਼ਬਦ ਦੀ ਹਾਜ਼ਰੀ ਭਰੀ ਗਈ।

ਇਸ ਪ੍ਰੋਗਰਾਮ ਵਿੱਚ ਚੀਫ ਖਾਲਸਾ ਦੀਵਾਨ ਦੀ ਮਹੀਨਾਵਾਰ ਪਤ੍ਰਿਕਾ ਖਾਲਸਾ ਐਡਵੋਕੇਟ ਦਾ ਅੰਕ ਸਤੰਬਰ, 2021 ਰਿਲੀਜ਼ ਕੀਤਾ ਗਿਆ ਜਿਸ ਵਿੱਚ ਡਾ. ਜਸਬੀਰ ਸਿੰਘ ਸਾਬਰ ਵੱਲੋਂ ਲਿਖੀ ਸ੍ਰ.ਭਾਗ ਸਿੰਘ ਅਣਖੀ ਦੀ ਅਮਰ ਯਾਦ ਨੂੰ ਸਮਰਪਿਤ ਉਹਨਾਂ ਦੇ ਜੀਵਨ ਸਫਰ ਦੀ ਗਾਥਾ ਤਸਵੀਰਾਂ ਸਹਿਤ ਪ੍ਰਕਾਸ਼ਿਤ ਕੀਤੀ ਗਈ। ਪ੍ਰੋਗਰਾਮ ਦੇ ਅੰਤ ਵਿੱਚ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਕੁੱਲਵਿੰਦਰ ਸਿੰਘ ਜੀ ਵੱਲੋ ਸਮਾਪਤੀ ਦੀ ਅਰਦਾਸ ਕੀਤੀ ਗਈ। ਸਟੇਜ ਦੀ ਸੇਵਾ ਗੁਰਮਤਿ ਕਾਲਜ ਦੀ ਪ੍ਰਿੰਸੀਪਲ ਜਸਵਿੰਦਰ ਕੌਰ ਮਾਹਲ ਵੱਲੋ ਨਿਭਾਈ ਗਈ। ਇਸ ਮੌਕੇ ਸ: ਭਾਗ ਸਿੰਘ ਅਣਖੀ ਦੀ ਸੁਪਤਨੀ ਸਰਦਾਰਨੀ ਅਜੀਤ ਕੌਰ, ਸਪੁੱਤਰ ਸ: ਪ੍ਰੀਤ ਮੋਹਿੰਦਰ ਸਿੰਘ, ਪੋਤਰੇ ਜਗਤੇਸ਼ਵਰ ਸਿੰਘ ਅਤੇ ਹੋਰਨਾਂ ਪਰਿਵਾਰਿਕ ਮੈਂਬਰਾਂ ਨੂੰ ਚੀਫ ਖਾਲਸਾ ਦੀਵਾਨ ਅਹੁਦੇਦਾਰਾਂ ਵਲੋਂ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਮੀਤ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ ਵਲੋਂ ਆਈਆ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਵਿੱਚ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ. ਸਵਿੰਦਰ ਸਿੰਘ ਕੱਥੂਨੰਗਲ ਅਤੇ ਸ: ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ:ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਅੂਜੁਕੇਸ਼ਨਲ ਕਮੇਟੀ ਡਾ: ਸਰਬਜੀਤ ਸਿੰਘ ਛੀਨਾ, ਸ: ਜਸਪਾਲ ਸਿੰਘ ਢਿੱਲੋਂ ਪ੍ਰੋ.ਹਰੀ ਸਿੰਘ, ਪ੍ਰੋ ਵਰਿਆਮ ਸਿੰਘ, ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ: ਰਜਿੰਦਰ ਸਿੰਘ ਮਰਵਾਹਾ, ਡਾ.ਅਮਰਜੀਤ ਸਿੰਘ, ਡਾ.ਸੂਬਾ ਸਿੰਘ, ਸ: ਗੁਰਿੰਦਰ ਸਿੰਘ, ਸ: ਮਨਜੀਤ ਸਿੰਘ ਢਿੱਲੋਂ, ਸ: ਬਲਦੇਵ ਸਿੰਘ, ਸ: ਕੁਲਵਿੰਦਰ ਸਿੰਘ ਮਰਵਾਹਾ, ਸ:ਮਨਦੀਪ ਸਿੰਘ ਬੇਦੀ, ਪ੍ਰਿ: ਜੋਗਿੰਦਰ ਸਿੰਘ, ਸ: ਰਬਿੰਦਰਬੀਰ ਸਿੰਘ ਭੱਲਾ, ਸ: ਮੋਹਨਜੀਤ ਸਿੰਘ ਭੱਲਾ, ਸ: ਹਰਪ੍ਰੀਤ ਸਿੰਘ ਕੋਹਲੀ, ਡਾ.ਜਸਬੀਰ ਸਿੰਘ ਸਾਬਰ ਡਾ.ਧਰਮਵੀਰ ਸਿੰਘ ਆਦਿ ਵੱਲੋਂ ਸ਼ਰਧਾਜਲੀ ਦੇ ਫੁੱਲ ਭੇਂਟਾ ਕੀਤੇ ਗਏ।



## ਚੀਫ਼ ਖ਼ਾਲਸਾ ਦੀਵਾਨ ਨੇ ਵਣ-ਮਹਾਂਉਤਸਵ ਮਨਾਇਆ

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ:ਨਿਰਮਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਨਰੇਰੀ ਸਕੱਤਰ ਸ੍ਰ: ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ: ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ ਦੀ ਅਗਵਾਈ ਹੇਠ ਅੰਮ੍ਰਿਤਸਰ ਵਣ ਮੰਡਲ ਦੇ ਸਹਿਯੋਗ ਨਾਲ ਵਣ ਮਹਾਂਉਤਸਵ ਮਨਾਇਆ ਜਿਸ ਤਹਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਕੇ.ਡੀ ਸਕੂਲ ਆਫ ਐਕਸੀਲੈਂਸ, ਸੁਭਮ ਇਨਕਲੇਵ ਦੇ ਵਿਹੜੇ ਵਿੱਚ ਅਰਜੁਨ, ਸੁਖਚੈਨ, ਬਹੇੜਾ, ਸੁਹਾਂਜਣਾ, ਹੈਬੀਸਕਸ ਸਮੇਤ ਹੋਰ ਵੱਖ–ਵੱਖ ਤਰ੍ਹਾਂ ਦੇ 120 ਛਾਂਦਾਰ ਅਤੇ ਸਜਾਵਟੀ ਬੂਟੇ ਦੀਵਾਨ ਦੇ ਮੈਂਬਰ ਸ੍ਰ: ਅਵਤਾਰ ਸਿੰਘ ਘੁੱਲਾ ਦੇ ਸਹਿਯੋਗ ਨਾਲ ਲਗਾਏ ਗਏ। ਇਸ ਮੌਕੇ ਜਿਲ੍ਹਾ ਡਿਪਟੀ ਕਮਿਸ਼ਨਰ ਵਲੋਂ ਗਠਿਤ ਐਨਵਾਈਰਮੈਂਟ ਕਮੇਟੀ ਦੇ ਮੈਂਬਰ ਇੰਜੀਨੀਅਰ ਦਲਜੀਤ ਸਿੰਘ ਕੋਹਲੀ ਅਤੇ ਸ੍ਰ: ਐਮ.ਐਸ. ਸੈਨੀ ਵਿਸ਼ੇਸ਼ ਤੌਰ ਤੇ ਪੁੱਜੇ ਜਿਹਨਾਂ ਨੇ ਬੂਟਿਆਂ ਦੀ ਸਾਂਭ ਸੰਭਾਲ ਦੀ ਜਾਣਕਾਰੀ ਦਿੱਤੀ ਅਤੇ ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਵਲੋਂ ਉਹਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਆਨਰੇਰੀ ਸਕੱਤਰ ਸ੍ਰ: ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ: ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ ਨੇ ਸੰਬੋਧਨ ਕਰਦਿਆ ਜੀਵਨ ਵਿੱਚ ਰੁੱਖਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਹਨਾਂ ਸਾਂਝੇ ਤੌਰ ਤੇ ਕਿਹਾ ਕਿ ਜਿਆਦਾ ਅਬਾਦੀ ਅਤੇ ਆਰਥਿਕ ਵਿਕਾਸ ਦੇ ਨਾਮ ਤੇ ਪਿਛਲੇ ਸਮੇਂ ਤੋ ਰੁੱਖਾਂ ਦੀ ਕਟਾਈ ਦਾ ਦੌਰ ਲਗਾਤਾਰ ਵੱਧਣ ਨਾਲ ਧਰਤੀ ਤੋਂ ਰੁੱਖਾਂ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ ਜਿਸ ਨੂੰ ਚੁਣੋਤੀ ਦਿੰਦਿਆਂ ਅੱਜ ਸਰਕਾਰਾਂ ਦੇ ਨਾਲ–ਨਾਲ ਬਹੁਗਿਣਤੀ ਵਿੱਚ ਸਮਾਜ ਸੇਵੀ ਸੰਸਥਾਵਾਂ ਵੀ ਵਾਤਾਵਰਣ ਬਚਾਉਣ ਹਿੱਤ ਪਹਿਲਕਦਮੀ ਕਰ ਰਹੀਆਂ ਹਨ। ਉਹਨਾਂ ਅਜੋਕੀ ਅਤੇ ਆਉਣ ਵਾਲੀ ਪੀੜ੍ਹੀ ਦੀ ਸਿਹਤ ਨੂੰ ਬਚਾਉਣ ਲਈ ਵੱਧ ਤੋਂ ਵੱਧ ਨਾ ਕੇਵਲ ਬੂੱਟੇ ਲਗਾਕੇ ਹਰਿਆਵਲ ਵਧਾਉਣ ਦੀ ਲੋੜ ਤੇ ਜ਼ੋਰ ਦਿੱਤਾ, ਸਗੋਂ ਬੂਟਿਆਂ ਨੂੰ ਰੁੱਖਾਂ ਵਿੱਚ ਤਬਦੀਲ ਕਰਨ ਲਈ ਉਹਨਾਂ ਦੀ ਸਹੀ ਸਾਂਭ ਸੰਭਾਲ ਅਤੇ ਦੇਖਭਾਲ ਨੂੰ ਵੀ ਜਰੂਰੀ ਦੱਸਿਆ। ਪ੍ਰਿੰਸੀਪਲ ਮੈਡਮ ਗੁਰਪ੍ਰੀਤ ਕੌਰ ਰੋਹੇਵਾਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ: ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ: ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ, ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ: ਸਰਬਜੀਤ ਸਿੰਘ ਛੀਨਾ, ਸ੍ਰ: ਸੁਖਦੇਵ ਸਿੰਘ ਮੱਤੇਵਾਲ, ਪ੍ਰੋ: ਹਰੀ ਸਿੰਘ, ਸ੍ਰ: ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ: ਗੁਰਪ੍ਰੀਤ ਸਿੰਘ ਸੇਠੀ, ਸ੍ਰ: ਮਨਮੋਹਨ ਸਿੰਘ, ਸ੍ਰ: ਪ੍ਰਦੀਪ ਸਿੰਘ ਵਾਲੀਆ, ਸ੍ਰ: ਜਗਦੀਪ ਸਿੰਘ ਨਰੂਲਾ, ਸ੍ਰ: ਜਗਜੀਤ ਸਿੰਘ, ਸ੍ਰ: ਮਨਜੀਤ ਸਿੰਘ ਨਰੂਲਾ, ਸ੍ਰ: ਤਰਲੋਚਨ ਸਿੰਘ, ਡਾ: ਜਸਬੀਰ ਸਿੰਘ ਸਾਬਰ, ਸ੍ਰ: ਸਤਵਿੰਦਰ ਸਿੰਘ ਆਦਿ ਮੈਂਬਰ ਹਾਜ਼ਰ ਸਨ।



## ਡਾ. ਸੈਣੀ ਯਤੀਮਖਾਨਾ ਦੇ ਮੁੜ ਸੁਪਰਡੈਂਟ ਨਿਯੁਕਤ

ਅੱਜ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਡਾ:ਬਲਬੀਰ ਸਿੰਘ ਸੈਣੀ ਨੂੰ ਸੈਂਟਰਲ ਖ਼ਾਲਸਾ ਯਤੀਮਖਾਨਾ ਵਿਖੇ ਦੁਬਾਰਾ ਸੁਪਰਡੈਂਟ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਆਨਰੇਰੀ ਸਕੱਤਰ ਸ੍ਰ: ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ:ਅਜੀਤ ਸਿੰਘ ਬਸਰਾ ਅਤੇ ਹੋਰਨਾਂ ਹਾਜ਼ਰ ਮੈਂਬਰ ਸਾਹਿਬਾਨ ਨੇ ਮੂਲ ਮੰਤਰ ਦੇ ਪਾਠ ਕਰਨ ਉਪਰੰਤ ਸ੍ਰ: ਸੈਣੀ ਨੂੰ ਗੁਰੂ ਸਾਹਿਬ ਦੀ ਬਖ਼ਸ਼ਿਸ਼ ਸਿਰੋਪਾਓ ਅਤੇ ਫੁੱਲਾਂ ਦੇ ਸਿਹਰੇ ਪਾ ਕੇ ਯਤੀਮਖਾਨੇ ਦੇ ਸੁਪਰਡੈਂਟ ਵਜੋਂ ਸੇਵਾ ਸੌਂਪੀ। ਜ਼ਿਕਰਯੋਗ ਹੈ ਕਿ ਉੱਚ ਵਿਦਿਅਕ ਯੋਗਤਾ ਪ੍ਰਾਪਤ ਐਮ.ਏ, ਐਮ.ਐਡ, ਪੀਐਚ.ਡੀ ਡਾ: ਬਲਬੀਰ ਸਿੰਘ ਸੈਣੀ ਸੈਂਟਰਲ ਖ਼ਾਲਸਾ ਯਤੀਮਖਾਨਾ ਵਿਖੇ ਪਹਿਲਾਂ ਵੀ 11 ਸਾਲ ਬਤੌਰ ਸੁਪਰਡੈਂਟ ਆਨਰੇਰੀ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਮੌਜੂਦਾ ਸਮੇਂ ਵਿੱਚ ਵੀ ਉਹ ਯਤੀਮਖਾਨਾ ਸੁਪਰਡੈਂਟ ਦੇ ਅਹੁੱਦੇ ਤੇ ਆਨਰੇਰੀ ਸੇਵਾਵਾਂ ਹੀ ਨਿਭਾਉਦੇ ਰਹਿਣਗੇ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ:ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ:ਅਜੀਤ ਸਿੰਘ ਬਸਰਾ ਨੇ ਕਿਹਾ ਕਿ ਮਿਹਨਤੀ, ਗੁਰੂ ਘਰ ਨਾਲ ਜੁੜੇ, ਅੰਮ੍ਰਿਤਧਾਰੀ ਡਾ: ਬਲਬੀਰ ਸਿੰਘ ਸੈਣੀ ਵਰਗੀਆਂ ਸਖ਼ਸ਼ੀਅਤਾਂ ਤੇ ਚੀਫ਼ ਖ਼ਾਲਸਾ ਦੀਵਾਨ ਨੂੰ ਮਾਣ ਹੈ ਜੋ ਨਿਸੁਆਰਥ ਅਤੇ ਸਮਰਪਣ ਭਾਵ ਨਾਲ ਸਮਾਜ ਵਿੱਚ ਆਪਣਾ ਸਾਰਥਿਕ ਯੋਗਦਾਨ ਪਾ ਕੇ ਸੇਵਾ ਕਰਦੇ ਹਨ। ਉਹਨਾਂ ਆਸ ਕੀਤੀ ਕਿ ਯਤੀਮਖਾਨਾ ਦੇ ਮੈਂਬਰ ਇੰਚਾਰਜ ਪ੍ਰੋ. ਵਰਿਆਮ ਸਿੰਘ ਅਤੇ ਸ੍ਰ. ਮੋਹਨਜੀਤ ਸਿੰਘ ਭੱਲਾ ਦੀ ਅਗਵਾਈ ਹੇਠ ਡਾ. ਬਲਬੀਰ ਸਿੰਘ ਸੈਣੀ ਯਤੀਮਖਾਨੇ ਦੇ ਪ੍ਰਬੰਧਨ ਨੂੰ ਸੁਚਾਰੂ ਢੰਗ ਨਾਲ ਚਲਾਉਂਦੇ ਹੋਏ ਬੱਚਿਆਂ ਦੀ ਵਿਦਿਅਕ, ਸਿਹਤ ਅਤੇ ਸੁਰੱਖਿਆ ਪੱਖੋਂ ਹਰ ਸਹੂਲਤ ਦਾ ਵਿਸ਼ੇਸ਼ ਧਿਆਨ ਰੱਖਣਗੇ। ਡਾ. ਬਲਬੀਰ ਸਿੰਘ ਸੈਣੀ ਨੇ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਦਾ ਉਹਨਾਂ ਨੂੰ ਇਹ ਸੇਵਾ ਸੌਪਣ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਸੌਂਪੀ ਗਈ ਇਸ ਸੇਵਾ ਨੂੰ ਪੂਰੇ ਤਨ, ਮਨ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ: ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ: ਅਜੀਤ ਸਿੰਘ ਬਸਰਾ, ਯਤੀਮਖਾਨਾ ਦੇ ਮੈਂਬਰ ਇੰਚਾਰਜ ਸ੍ਰ. ਮੋਹਨਜੀਤ ਸਿੰਘ ਭੱਲਾ, ਪ੍ਰੋ: ਹਰੀ ਸਿੰਘ, ਸ੍ਰ. ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ. ਰਬਿੰਦਰਬੀਰ ਸਿੰਘ ਭੱਲਾ, ਪ੍ਰੋ: ਸੂਬਾ ਸਿੰਘ ਅਤੇ ਹੋਰਨਾਂ ਮੈਂਬਰਾਂ ਸਮੇਤ ਪ੍ਰਿੰਸੀਪਲ ਜਸਵਿੰਦਰ ਕੌਰ ਮਾਹਲ, ਸ੍ਰ: ਇੰਦਰਜੀਤ ਸਿੰਘ ਅਤੇ ਸਟਾਫ਼ ਮੈਂਬਰ ਹਾਜ਼ਰ ਸਨ।



## ਸੁਭਨੀਤ ਸਿੰਘ ਦਸਤਾਰ ਮੁਕਾਬਲਿਆਂ ਵਿੱਚ ਜੇਤੂ

ਚੀਫ਼ ਖ਼ਾਲਸਾ ਦੀਵਾਨ ਦੀ ਸੁਯੋਗ ਰਹਿਨੁਮਾਈ ਹੇਠ ਚੱਲ ਰਹੀ ਤਰਨਤਾਰਨ ਦੀ ਵਿਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀ ਨੇ ਦਸਤਾਰ ਮੁਕਾਬਲਿਆਂ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਬੋਲਦਿਆਂ ਸਕੂਲ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਭਾਟੀਆ ਜੀ ਨੇ ਦੱਸਿਆ ਕਿ ਇਹ ਦਸਤਾਰ ਮੁਕਾਬਲੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਗੁਰਦੁਆਰਾ ਹਰਿ ਸਰ ਸਾਹਿਬ ਮੁਗਲ ਚੱਕ ਪੰਨੂੰਆ, ਪੱਟੀ, ਜ਼ਿਲ੍ਹਾ ਤਰਨਤਾਰਨ ਵਿਖੇ ਕਰਵਾਏ ਗਏ ਅਤੇ ਜਿਸ ਵਿੱਚ ਸਕੂਲ ਦੇ ਵਿਦਿਆਰਥੀ ਸੁਭਨੀਤ ਸਿੰਘ ਨੇ ਸੋਹਣੀ ਦਸਤਾਰ ਸਜਾ ਕੇ ਦੂਸਰਾ ਸਥਾਨ ਪ੍ਰਾਪਤ ਕੀਤਾ। ਸੁਭਨੀਤ ਸਿੰਘ ਨੂੰ ਸ਼ੀਲਡ, ਸਰਟੀਫਿਕੇਟ ਅਤੇ ਗਿਆਰਾਂ ਸੌ ਰੁਪਏ ਦੇ ਨਗਦ ਇਨਾਮ ਨਾਲ ਨਿਵਾਜਿਆ ਗਿਆ। ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਮੈਂਬਰ ਇੰਚਾਰਜ ਸ੍ਰ:ਹਰਜੀਤ ਸਿੰਘ ਅਤੇ ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਮੈਂਬਰ ਇੰਚਾਰਜ ਸਰਦਾਰ ਗੁਰਿੰਦਰ ਸਿੰਘ ਨੇ ਜੇਤੂ ਵਿਦਿਆਰਥੀ ਨੂੰ ਵਧਾਈ ਦਿੰਦਿਆਂ, ਸਮੂਹ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਅਸੀਂ ਸਿੱਖੀ ਸਰੂਪ ਵਿੱਚ ਰਹਿ ਕੇ ਸਿੱਖ ਧਰਮ ਦਾ ਪ੍ਰਚਾਰ ਕਰ ਸਕਦੇ ਹਾਂ ਅਤੇ ਸਾਨੂੰ ਵੱਧ ਚੜ੍ਹ ਕੇ ਇਹੋ ਜਿਹੇ ਧਾਰਮਿਕ ਸਮਾਗਮਾਂ ਵਿੱਚ ਭਾਗ ਲੈ ਕੇ ਚੀਫ਼ ਖ਼ਾਲਸਾ ਦੀਵਾਨ, ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਨਾ ਚਾਹੀਦਾ ਹੈ।



## ਦੀਵਾਨ ਦੇ ਸਕੂਲ ਗੋਲਡਨ ਐਵੀਨਿਊ ਦੀ ਵਿਦਿਆਰਥਣ ਨੇ ਰਾਸ਼ਟਰੀ ਪੱਧਰ ਤੇ ਕਰਵਾਏ ਗਏ ਲੇਖ ਮੁਕਾਬਲੇ ਵਿੱਚ ਪੰਜਾਬ ਰਾਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।

ਚੀਫ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਗੋਲਡਨ ਐਵੀਨਿਊ ਦੀ ਦਸਵੀਂ ਜਮਾਤ ਦੀ ਹੋਣਹਾਰ ਵਿਦਿਆਰਥਣ ਜਪਨੂਰ ਕੌਰ ਨੇ ਲੀਡਰਜ਼ ਆਫ ਟੁਮਾਰੋ ਫਾਊਂਡੇਸ਼ਨ ,ਪ੍ਰੈੱਸ ਕਲੱਬ ਆਫ ਇੰਡੀਆ ਅਤੇ ਵੁਆਇਸ ਆਫ ਕਿਡਜ਼ ਵੱਲੋਂ ਸਾਂਝੇ ਤੌਰ ਤੇ ਕਰਵਾਏ ਗਏ ਐਲ. ਐਫ. ਟੀ ਰਾਸ਼ਟਰੀ ਲੇਖ ਰਚਨਾ ਮੁਕਾਬਲੇ ਵਿੱਚ ਪਹਿਲਾ ਰਾਊਂਡ ਕਲੀਅਰ ਕਰ ਕੇ ਅਗਲੇ ਰਾਊਂਡ ਵਿੱਚ ਅਤੇ ਪਹਿਲੇ ਸੌ ਪ੍ਰਤੀਯੋਗੀਆਂ ਵਿੱਚ ਆਪਣੀ ਜਗ੍ਹਾ ਬਣਾਈ ।ਚੀਫ ਖ਼ਾਲਸਾ ਦੀਵਾਨ ਪ੍ਰਧਾਨ ਸ: ਨਿਰਮਲ ਸਿੰਘ, ਆਨਰੇਰੀ ਸਕੱਤਰ ਸ: ਸਵਿੰਦਰ ਸਿੰਘ ਕੱਥੂਨੰਗਲ ਅਤੇ ਸਰਦਾਰ ਅਜੀਤ ਸਿੰਘ ਬਸਰਾ ਜੋ ਕਿ ਸਕੂਲ ਦੇ ਮੈਂਬਰ ਇੰਚਾਰਜ ਵੀ ਹਨ, ਮੀਤ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ ਅਤੇ ਸ: ਅਮਰਜੀਤ ਸਿੰਘ ਬਾਂਗਾ, ਐਡੀਸ਼ਨਲ ਸਕੱਤਰ ਅਤੇ ਸਕੂਲ ਮੈਂਬਰ ਇੰਚਾਰਜ ਸ: ਜਸਪਾਲ ਸਿੰਘ ਢਿੱਲੋਂ ਨੇ ਜਪਨੂਰ ਕੌਰ ਦੀ ਇਸ ਉਪਲੱਬਧੀ ਤੇ ਉਸ ਨੂੰ ਵਧਾਈ ਦਿੱਤੀ ਅਤੇ ਆਉਣ ਵਾਲੇ ਰਾਊਂਡ ਵਿੱਚ ਵੀ ਚੰਗੀ ਕਾਰਗੁਜ਼ਾਰੀ ਦਿਖਾਉਣ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਹਨਾਂ ਭਵਿੱਖ ਵਿੱਚ ਜਪਨੂਰ ਕੌਰ ਵਲੋਂ ਸਫਲਤਾ ਦੀਆਂ ਮੰਜ਼ਲਾਂ ਤੈਅ ਕਰਦਿਆਂ ਮਾਪਿਆਂ ਅਤੇ ਸਕੂਲ ਦਾ ਨਾਂ ਰੌਸ਼ਨ ਕਰਨ ਦੀ ਆਸ ਪ੍ਰਗਟਾਈ।

ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਸਤਿੰਦਰ ਕੌਰ ਮਰਵਾਹਾ ਨੇ ਉਪਰੋਕਤ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਲਈ ਇਹ ਬਹੁਤ ਖ਼ੁਸ਼ੀ ਅਤੇ ਮਾਣ ਦਾ ਵਿਸ਼ਾ ਹੈ ਕਿ ਸਕੂਲ ਦੀ ਵਿਦਿਆਰਥਣ ਜਪਨੂਰ ਕੌਰ ਨੇ ਰਾਸ਼ਟਰੀ ਪੱਧਰ ਤੇ ਅੰਗਰੇਜ਼ੀ ਭਾਸ਼ਾ ਵਿੱਚ ਕਰਵਾਏ ਗਏ ਲੇਖ ਰਚਨਾ ਮੁਕਾਬਲੇ ਵਿੱਚ ਬਿਹਤਰੀਨ ਕਾਰਗੁਜ਼ਾਰੀ ਵਿਖਾ ਕੇ ਸਕੂਲ ਦਾ ਨਾਂ ਰਾਸ਼ਟਰੀ ਪੱਧਰ ਤੇ ਰੋਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜਪਨੂਰ ਕੌਰ ਸਾਡੇ ਸਕੂਲ ਦੀ ਬਹੁਤ ਪ੍ਰਤਿਭਾਸ਼ਾਲੀ ਅਤੇ ਮਿਹਨਤੀ ਵਿਦਿਆਰਥਣ ਹੈ । ਉਨ੍ਹਾਂ ਸਕੂਲ ਦੇ ਬਾਕੀ ਬੱਚਿਆਂ ਨੂੰ ਵੀ ਵੱਧ ਚੜ੍ਹ ਕੇ ਪੜ੍ਹਾਈ ਤੋਂ ਇਲਾਵਾ ਹੋਰ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ।



ਖ਼ਬਰਨਾਮਾ

## ਕੈਨੇਡਾ ਦੀਆਂ ਫੈਡਰਲ ਚੋਣਾਂ ਵਿੱਚ ਜਿੱਤ ਕੇ ਪੰਜਾਬੀ ਫਿਰ ਬਣੇ “ਕਿੰਗਮੇਕਰ”



S. Harjit Singh Sajjan



S. Jagmeet Singh



S. Randeep Singh



S. Jasraj Singh



S. Navdeep Singh Bains



S. Tim Uppal

ਕੈਨੇਡਾ ਸੰਸਦ ਦੀਆਂ ਤੀਜੀ ਵਾਰ ਹੋਈਆਂ ਚੋਣਾਂ ਵਿੱਚ ਫਿਰ ਤੋਂ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਨੇ ਤੀਜੀ ਵਾਰ 338 ਵਿੱਚੋਂ 158 ਸੀਟਾਂ ਤੇ ਜਿੱਤ ਤਾਂ ਪ੍ਰਾਪਤ ਕਰ ਲਈ ਹੈ ਪਰ ਉਹ ਬਹੁਮਤ ਪ੍ਰਾਪਤ ਕਰਨ ਵਿੱਚ ਸਫ਼ਲ ਨਹੀਂ ਹੋ ਸਕੇ ਜਿਸ ਕਰਕੇ ਨਿਊ ਡੈਮੋਕਰੇਟਿਕ ਪਾਰਟੀ ਜਿਸ ਤੇ 27 ਮੈਂਬਰ ਜਿੱਤੇ ਹਨ ਉਹਨਾਂ ਦੇ ਨੇਤਾ ਸ੍ਰ.ਜਸਮੀਤ ਸਿੰਘ ਨੇ ਕਿੰਗਮੇਕਰ ਬਣਦਿਆਂ ਲਿਬਰਲ ਪਾਰਟੀ ਨੂੰ ਲੋੜੀਂਦੀ ਗਿਣਤੀ ਦਾ ਸਮਰਥਨ ਦੇਣ ਦਾ ਐਲਾਨ ਕਰਦਿਆਂ ਜਸਟਿਨ ਟਰੂਡੋ ਲਈ ਤੀਸਰੀ ਵਾਰ ਪ੍ਰਧਾਨ ਮੰਤਰੀ ਬਣਨ ਦਾ ਰਾਹ ਸਾਫ ਕਰ ਦਿੱਤਾ ਹੈ।ਕਿਉਂਕਿ ਇਹਨਾਂ ਵਿੱਚ 17 ਮੈਂਬਰ ਅਜਿਹੇ ਹਨ ਜਿੰਨਾਂ ਦਾ ਪਿਛੋਕੜ ਪੰਜਾਬ ਦੀ ਧਰਤੀ ਨਾਲ ਜੁੜਿਆਂ ਹੋਇਆ ਹੈ। ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਵਿੱਚੋਂ 6 ਮੈਂਬਰ ਪੂਰਨ ਗੁਰਸਿੱਖ ਹਨ ਜਿੰਨਾਂ ਵਿੱਚੋ ਸ੍ਰ.ਹਰਜੀਤ ਸਿੰਘ ਸੱਜਣ ਦੇ ਮੁੜ ਕੈਨੇਡਾ ਦੀ ਸੁਰੱਖਿਆ ਦਾ ਕਾਰਜਭਾਰ ਬਤੌਰ ਡਿਫੈਂਸ ਮੰਤਰੀ ਸੰਭਾਲਣ ਦੀ ਸੰਭਾਵਨਾ ਹੈ।

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ:ਨਿਰਮਲ ਸਿੰਘ ਅਤੇ ਉਹਨਾਂ ਦੀ ਸਮੁੱਚੀ ਟੀਮ ਦੇ ਅਹੁਦੇਦਾਰਾਂ ਨੇ ਜੇਤੂ ਪੰਜਾਬੀ ਮੈਂਬਰਾਂ ਨੂੰ ਵਧਾਈ ਪੇਸ਼ ਕਰਦਿਆਂ ਆਖਿਆ ਕਿ ਸਾਬਤ ਸੂਰਤ ਜਿੱਤਣ ਵਾਲੇ ਮੈਂਬਰਾਂ ਨੇ ਸਿੱਖੀ ਦਾ ਮਾਣ ਵਧਾਇਆ ਹੈ।

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਲਖੀਮਪੁਰ ਖੀਰੀ ਵਿਖੇ ਸ਼ਹੀਦ ਕਿਸਾਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ

ਚੀਫ਼ ਖ਼ਾਲਸਾ ਦੀਵਾਨ ਵੱਲੋਂ ਯੂ.ਪੀ. ਦੇ ਲਖੀਮਪੁਰ ਖੀਰੀ ਵਿਖੇ ਹੋਏ ਕਿਸਾਨੀ ਹਤਿਆਕਾਂਡ ਦੌਰਾਨ ਅਣਮਨੁੱਖੀ ਵਰਤਾਰੇ ਦੇ ਸ਼ਿਕਾਰ ਹੋਏ ਕਿਸਾਨਾਂ ਦੀ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਹਿੱਤ ਚੀਫ਼ ਖ਼ਾਲਸਾ ਦੀਵਾਨ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਕੀਰਤਨੀ ਜਥੇ ਵੱਲੋਂ ਸ਼ਹੀਦ ਕਿਸਾਨਾਂ ਦੀ ਯਾਦ ਵਿੱਚ ਏਤੀ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨ ਆਇਆ’’ ਬੈਰਾਗ ਮਈ ਕੀਰਤਨ ਕੀਤਾ ਗਿਆ। ਉਪਰੰਤ ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ, ਮੈਂਬਰ ਸਾਹਿਬਾਨ ਵੱਲੋਂ ਗੁਰੂ ਚਰਨਾਂ ਵਿੱਚ ਸ਼ਹੀਦ ਕਿਸਾਨਾਂ ਦੀ ਆਤਮਿਕ ਸ਼ਾਂਤੀ, ਜਖ਼ਮੀ ਕਿਸਾਨਾਂ ਦੀ ਜਲਦ ਸਿਹਤਯਾਬੀ ਅਤੇ ਕਿਸਾਨੀ ਸੰਘਰਸ਼ ਦੀ ਫਤਿਹਯਾਬੀ ਲਈ ਅਰਦਾਸ ਕੀਤੀ ਗਈ। ਸਮਾਗਮ ਦੌਰਾਨ ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਸ੍ਰ. ਨਿਰਮਲ ਸਿੰਘ, ਆਨਰੇਰੀ ਸਕੱਤਰ ਸ੍ਰ. ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ. ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਲਖੀਮਪੁਰ ਖੀਰੀ ਵਿਖੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਨਿਰਦੋਸ਼ ਕਿਸਾਨਾਂ ਤੇ ਹੰਕਾਰ ਅਤੇ ਸੱਤਾ ਦੇ ਨਸ਼ੇ ਵਿੱਚ ਚੂਰ ਕੇਂਦਰੀ ਗ੍ਰਹਿ ਮੰਤਰੀ ਦੇ ਪੁੱਤਰ ਵੱਲੋਂ ਯੋਜਨਾਬੱਧ ਨਿਰਦਈ ਤਰੀਕੇ ਨਾਲ ਕੀਤੇ ਗਏ ਕਾਤਲਾਨਾ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਹਨਾਂ ਸ਼ਹੀਦਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦਿਆਂ ਕਿਹਾ ਕਿ ਪਿਛਲੇ 10 ਮਹੀਨਿਆਂ ਤੋਂ ਦਿੱਲੀ ਦੀਆਂ ਸਰਹੱਦਾਂ ਤੇ ਸਬਰ ਦਾ ਘੁੱਟ ਪੀ ਕੇ ਬੈਠੇ ਕਿਸਾਨਾਂ ਵਿੱਚੋਂ 700 ਤੋਂ ਵੱਧ ਸ਼ਹੀਦ ਹੋ ਚੁੱਕੇ ਹਨ ਅਤੇ ਹੁਣ ਸਰੇਆਮ ਬੇਕਸੂਰ ਕਿਸਾਨਾਂ ਤੇ ਸੱਤਾਧਾਰੀਆਂ ਵੱਲੋਂ ਗੋਲੀਆ ਚਲਾਉਣਾ, ਕਾਰਾਂ ਨਾਲ ਦਰੜਨਾ ਸਰਕਾਰ ਦੀ ਕਿਸਾਨਾਂ ਪ੍ਰਤਿ ਨਫ਼ਰਤ ਅਤੇ ਬਦਲੇ ਦੀ ਭਾਵਨਾ ਪ੍ਰਗਟ ਕਰਦੀ ਹੈ ਜੋ ਕਿ ਲੋਕਤੰਤਰ ਦੇਸ਼ ਵਿੱਚ ਅੰਗਰੇਜ਼ੀ ਹਕੂਮਤ ਦੇ ਅਤਿਆਚਾਰਾਂ ਦੀ ਯਾਦ ਤਾਜਾ ਕਰ ਰਹੀਆਂ ਹਨ। ਉਹਨਾਂ ਕਿਸਾਨਾਂ ਪ੍ਰਤਿ ਸਰਕਾਰ ਦੀਆਂ ਨੀਤੀਆਂ ਤੇ ਸਵਾਲੀਆ ਚਿੰਨ੍ਹ ਲਗਾਉਂਦਿਆਂ ਕਿਹਾ ਕਿ ਲੋਕਤੰਤਰੀ ਸਰਕਾਰ ਵੱਲੋਂ ਆਪਣੇ ਹੱਕ ਲਈ ਖੜ੍ਹੇ ਦੇਸ਼ ਦੇ ਅੰਨਦਾਤਾ ਦੀਆਂ ਹੋਰ ਕਿੰਨੀਆਂ ਸ਼ਹਾਦਤਾਂ ਲੈਣੀਆਂ ਬਾਕੀ ਹਨ। ਸਮਾਗਮ ਦੌਰਾਨ ਦੀਵਾਨ ਅਹੁਦੇਦਾਰਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਇਸ ਨਾਜ਼ੁਕ ਘੜੀ ਵਿੱਚ ਆਪਣੇ ਵਰਕਰਾਂ ਨੂੰ ਕਿਸਾਨਾਂ ਖਿਲਾਫ ਲੱਠ ਚੁੱਕਣ ਦੇ ਵਿਵਾਦਤ ਬਿਆਨਾਂ ਜੋ ਕਿ ਦੇਸ਼ ਦਾ ਅਮਨ ਕਾਨੂੰਨ ਭੰਗ ਕਰਨ ਵਾਲੇ ਅਤੇ ਕਿਸਾਨਾਂ ਦੀ ਅਣਖ ਨੂੰ ਵੰਗਾਰਨ ਵਾਲੇ ਹਨ, ਦੀ ਕੜੀ ਅਲੋਚਨਾ ਕੀਤੀ।



Postal No. L-I/PB-ASR/0220/2019-2021

# ਨਵ-ਨਿਯੁਕਤ ਪੰਜਾਬ ਮੰਤਰੀ ਮੰਡਲ ਦੇ ਮੰਤਰੀ



ਸ੍ਰ. ਚਰਨਜੀਤ ਸਿੰਘ ਚੰਨੀ
ਮੁੱਖ ਮੰਤਰੀ



ਸ੍ਰ. ਸੁਖਜਿੰਦਰ ਸਿੰਘ ਰੰਧਾਵਾ
ਉਪ ਮੁੱਖ ਮੰਤਰੀ



ਸ੍ਰੀ ਓਮ ਪ੍ਰਕਾਸ਼ ਸੋਨੀ
ਉਪ ਮੁੱਖ ਮੰਤਰੀ



ਸ੍ਰ. ਮਨਪ੍ਰੀਤ ਸਿੰਘ
ਬਾਦਲ



ਸ੍ਰ. ਤ੍ਰਿਪਤ ਰਜਿੰਦਰ ਸਿੰਘ
ਬਾਜਵਾ



ਸ੍ਰ. ਸੁਖਬਿੰਦਰ ਸਿੰਘ
ਸਰਕਾਰੀਆ



ਸ੍ਰ. ਪ੍ਰਗਟ ਸਿੰਘ



ਸ੍ਰ. ਰਾਣਾ ਗੁਰਜੀਤ ਸਿੰਘ



ਸ੍ਰ. ਗੁਰਕੀਰਤ ਸਿੰਘ
ਕੋਟਲੀ



ਕਾਕਾ ਰਣਦੀਪ ਸਿੰਘ
ਨਾਭਾ



ਸ੍ਰ. ਸੰਗਤ ਸਿੰਘ
ਗਿਲਚੀਆਂ



ਸ੍ਰੀਮਤੀ ਅਰੁਣਾ
ਚੌਧਰੀ



ਸ੍ਰੀਮਤੀ ਰਜੀਆ
ਸੁਲਤਾਨਾ



ਸ੍ਰੀ ਬ੍ਰਹਮਮੋਹਿੰਦਰਾ



ਸ੍ਰੀ ਅਮਰਿੰਦਰ ਸਿੰਘ
ਰਾਜਾ ਵੜਿੰਗ



ਡਾ. ਰਾਜ ਕੁਮਾਰ
ਵੇਰਕਾ



ਸ੍ਰੀ ਭਾਰਤਭੂਸ਼ਣ
ਆਸ਼ੂ



ਸ੍ਰੀ ਵਿਜੇਇੰਦਰ
ਸਿੰਗਲਾ

Regd-RNI-64/57 ISSN - 2454-6488
ਪ੍ਰਕਾਸ਼ਕ ਤੇ ਛਾਪਕ ਸ. ਭਾਗ ਸਿੰਘ ਅਣਖੀ ਨੇ ਪ੍ਰਿੰਟਵੈਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-10-2021 ਨੂੰ ਜਾਰੀ ਕੀਤਾ ।